ਕੀ ਕਿੱਥੇ

1	ਜਾਣਕਾਰੀ	2
2	ਭਾਰਤ ਵਿੱਚ ਪ੍ਰਚੂਨ ਵਪਾਰ ਦਾ ਖੇਤਰ ਤੱਥ ਤੇ ਅੰਕੜੇ	5
3	ਬਹੁ ਰਾਸ਼ਟਰੀ ਨਿਗਮ ਕਿੱਡੇ ਦਿਉ ਕੱਦ ਨੇ	8
4.	ਛੋਟੇ ਕਾਰੋਬਾਰੀਆਂ ਉਪਰ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਦੇ ਪ੍ਰਭਾਵ	13
5	ਰੁਜਗਾਰ ਪੈਦਾ ਕਰਨ ਦਾ ਝੂਠ	16
5	ਕੀ ਕਿਸਨਾਂ ਨੂੰ ਬਦੇਸ਼ੀ ਸਿੱਧੇ ਨਿਵੇਸ਼ ਦਾ ਫਾਇਦਾ ਹੋਵੇਗਾ ?	19
6	ਵੱਡੇ ਪ੍ਰਚੂਨ ਅਦਾਰੇ ਛੋਟੇ ਵਪਾਰ ਨੂੰ ਵੀ ਤਬਾਹ ਕਰ ਦਿੰਦੇ ਹਨ	24
7	ਕੀ ਗਾਹਕਾਂ (ਉਪਭੋਗਤਾਵਾਂ) ਨੂੰ ਲਾਭ ਹੋਵੇਗਾ ?	26
8	ਪ੍ਰਚੂਨ ਵਿੱਚ ਐਫ ਡੀ ਆਈ : ਕਿਸਦੇ ਫਾਇਦੇ ਲਈ ?	27
9	ਸੰਸਾਰੀਕਰਨ ਦੇ ਹੋਰ ਭੈੜੇ ਨਤੀਜੇ	28
10	ਸਾਨੂੰ ਲਾਜਮੀ ਤੋਰ ਤੇ ਆਪਣੇ ਸੰਘਰਸ਼ ਦੀ ਧਾਰ ਤੇਜ ਕਰਨੀ ਚਾਹੀਦੀ ਹੈ	30
11	ਲੋਕਾਇਤ ਬਾਬਤ , ਭਾਰਤ ਗਿਆਨ ਵਿਗਿਆਨ ਸੰਮਤੀ ਬਾਬਤ, ਵਲੰਟਰੀ ਹੈਲਥ ਐਸ਼ੋਸ਼ੀਏਸ਼ਨ, ਪੰਜਾਬ ਬਾਬਤ	32

ਪ੍ਰਚੂਨ ਵਪਾਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਨੂੰ ਰੋਕੋ

ਇਸ ਨਾਲ ਕਰੋੜਾਂ ਲੋਕਾਂ ਦੀ ਰੋਜੀ ਰੋਟੀ ਖ਼ੁੱਸ ਜਾਏਗੀ

ਜਾਣਕਾਰੀ

24 ਨਵੰਬਰ 2011 ਨੂੰ ਭਾਰਤ ਸਰਕਾਰ ਨੇ ਭਾਰਤੀ ਅਰਥਚਾਰੇ ਦੇ ਇੱਕ ਦੂਜੇ ਅਹਿਮ ਖੇਤਰ ਨੂੰ ਬਹੁ ਕੌਮੀ ਕਾਰਪੋਰੇਸ਼ਨਾਂ (ਐਮ. ਐਨ. ਸੀਜ਼.) ਦੇ ਨਿਵੇਸ਼ ਲਈ ਖੋਲ੍ਹਣਾ ਤਹਿ ਕਰ ਦਿੱਤਾ ਸੀ। ਮੰਤਰੀ ਪ੍ਰੀਸ਼ਦ ਨੇ ਹੁਣ ਤੱਕ ਸਾਰੇ ਬਹੁ ਬ੍ਰਾਂਡ (ਬਹੁ-ਮਾਰਕਾ) ਪ੍ਰਚੂਨ ਖੇਤਰਾਂ ਵਿੱਚ 51% ਵਿਦੇਸੀ ਹਿਸੇਦਾਰੀ ਦੇ ਨਾਲ , ਸਿੱਧੇ ਵਿਦੇਸੀ ਨਿਵੇਸ਼ (ਐਫ. ਡੀ. ਆਈ.) ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦਾ ਅਰਥ ਪ੍ਰਚੂਨ ਖੇਤਰ ਵਿੱਚ ਵਿਦੇਸੀ ਮਲਕੀਅਤ ਕਾਇਮ ਕਰਨਾ ਹੈ ।ਬਹੁ ਬ੍ਰਾਂਡ (ਬਹੁ-ਮਾਰਕਾ) ਪ੍ਰਚੂਨ ਦੁਕਾਨ ਉਹ ਹੈ, ਜਿੱਥੇ ਇੱਕ ਹੀ ਛੱਤ ਦੇ ਥੱਲੇ , ਕਿਸੇ ਇੱਕ ਹੀ ਵਸਤੂ ਨੂੰ ਮੁਕਾਬਲੇ ਵਿੱਚ ਆਈਆਂ ਕਈ ਕੰਪਨੀਆਂ ਰਾਹੀਂ ਵੇਚਿਆ ਜਾਂਦਾ ਹੈ ।'ਮੋਰ ਅਤੇ ਸਪੈਂਸਰਜ਼ 'ਬਹੁ ਬ੍ਰਾਂਡ (ਬਹੁ-ਮਾਰਕਾ) ਪ੍ਰਚੂਨ ਵਿਕਰੀ ਦੀਆਂ ਦੁਕਾਨਾਂ (ਸ਼ਾਪਿੰਗ ਮਾਲਜ਼) ਦੇ ਉਦਹਾਰਣ ਹਨ । ਇਸਦੇ ਨਾਲ ਹੀ ਇੱਕਲੇ ਬ੍ਰਾਂਡ (ਸਿੰਗਲ ਬ੍ਰਾਂਡ) ਦੇ ਪ੍ਰਚੂਨ ਖੇਤਰ ਵਿੱਚ ਵਿਦੇਸੀ ਨਿਵੇਸ਼ ਦੀ ਹਿੱਸੇਦਾਰੀ ਵਧਾ ਕੇ 100 ਪ੍ਰਤੀਸ਼ਤ ਕਰ ਦਿੱਤੀ ਗਈ ਹੈ । ਇਸਦਾ ਅਰਥ ਹੈ ਵਿਦੇਸੀ ਨਿਵੇਸ਼ਕਾਂ ਨੂੰ ਕਿਸੇ ਵੀ ਇੱਕਲੇ ਬ੍ਰਾਂਡ (ਸਿੰਗਲ ਬ੍ਰਾਂਡ) ਦੇ ਸਟੋਰ ਵਿੱਚ ਪੂਰੇ ਮਾਲਕਾਨਾ ਹੱਕ ਰੱਖਣ ਦੀ ਪ੍ਰਵਾਨਗੀ।

ਇਨ੍ਹਾਂ ਦਿਉ ਕੱਦ ਕੰਪਨੀਆਂ ਨੇ ਆਨੇ-ਬਹਾਨੇ ਸਰਕਾਰ ਦੇ ਇਸ ਕਦਮ ਦਾ ਸੁਆਗਤ ਕੀਤਾ ਹੈ। ਆਖਰਕਾਰ ਉਨ੍ਹਾਂ ਨੇ ਲਾਬਿੰਗ ਰਾਹੀਂ, ਅਮਰੀਕਾ ਵਿੱਚ (ਬਹੁਤ ਹੀ ਸੰਭਵ ਹੈ ਕਿ ਭਾਰਤ ਵਿੱਚ ਵੀ) (1), ਕਾਨੂੰਨ ਬਣਾਉਣ ਵਾਲਿਆਂ ਉਪਰ ਕਰੋੜਾਂ ਰੁਪਏ ਖਰਚੇ ਹਨ ।(ਲਾਬਿੰਗ ਉਹ ਪ੍ਰਕਿਰਿਆ ਹੈ ਜਿਸ ਵਿੱਚ ਸਿਆਸੀ ਆਗੂਆਂ ਤੇ ਅਫਸਰਸ਼ਾਹਾਂ ਨੂੰ ਰਿਸ਼ਵਤ ਦੇ ਕੇ ਆਪਣੇ ਹੱਕ ਵਿੱਚ ਫੈਸਲੇ ਕਰਵਾਏ ਜਾਂਦੇ ਹਨ) ਲਾਬਿੰਗ, ਇੱਕ ਚੰਗਾ ਸ਼ਬਦ ਲੱਗਦਾ ਹੈ ਪਰ ਇਸਦਾ ਸਹੀ ਅਰਥ ਤਾਂ ਰਿਸ਼ਵਤ ਦੇਣਾ ਹੀ ਹੈ) ਇਹ ਲਾਬਿੰਗ ਇਸ ਲਈ ਕੀਤੀ ਗਈ ਤਾਂਕਿ ਕਾਨੂੰਨ ਬਣਾਉਣ ਵਾਲੇ ਉਹ ਲੋਕ, ਭਾਰਤ ਵਿੱਚ ਦੁਕਾਨਾਂ ਖੋਲ੍ਹਣ ਲਈ ਉਨ੍ਹਾਂ ਦੀ ਮਦਦ ਕਰ ਸੱਕਣ । ਅਮਰੀਕਾ ਵਿੱਚ ਵਪਾਰ ਦੇ ਲਈ ਲਾਬਿੰਗ ਯਾਨੀ ਰਿਸ਼ਵਤ ਨੂੰ ਬੁਰਾ ਨਹੀਂ ਸਮਝਿਆ ਜਾਂਦਾ। ਬੱਸ , ਕੰਪਨੀਆਂ ਨੇ ਹਰ ਚਾਰ ਮਹੀਨੇ ਬਾਅਦ ਇਸਦੇ ਬਾਰੇ ਵਿੱਚ ਇੱਕ ਐਲਾਣ ਨਾਮਾ ਅਮਰੀਕੀ ਸੈਨੇਟ ਨੂੰ ਦੇਣਾ ਹੁੰਦਾ ਹੈ । ਅਮਰੀਕੀ ਵਾਲ ਮਾਰਟ ਪ੍ਰਚੂਨ ਵਪਾਰ ਵਿੱਚ ਸੰਸਾਰ ਦੀ ਸੱਭ ਤੋਂ ਵੱਡੀ ਬਹੁ ਕੌਮੀ ਕੰਪਨੀ ਹੈ । ਇਸ ਕੰਪਨੀ ਵੱਲੋਂ ਲਾਬਿੰਗ ਦੀ ਇੱਕ ਅਜਿਹੀ ਰਿਪੋਟ ਪੇਸ਼ ਕੀਤੀ ਗਈ। ਇਸ ਰਿਪੋਟ ਦੇ ਅਨੁਸਾਰ, ਉਸਨੇ ਭਾਰਤ ਵਿੱਚ, ਬਹੁ -ਮਾਰਕਾ ਪ੍ਰਚੂਨ ਖੇਤਰ ਨੂੰ ਵਿਦੇਸ਼ੀ ਮਲਕੀਅਤ ਨਾਲ ਖੋਲ੍ਹਣ ਦੇ ਲਈ 2007 ਤੋਂ 2010 ਤੱਕ, 10 ਮਿਲੀਅਨ ਡਾਲਰ (55 ਕਰੋੜ ਰੁਪਏ ਤੋਂ ਵੀ ਵੱਧ) ਖਰਚ ਕੀਤੇ ਸਨ । ਪ੍ਰਚੂਨ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਦੇ, ਕੇਂਦਰ ਸਰਕਾਰ ਦੇ ਫੈਸਲੇ ਦਾ, ਸਮੁਚੇ ਦੇਸ ਵਿੱਚ ਭਾਰੀ ਵਿਰੋਧ ਹੋਇਆ ਹੈ। ਵਿਸ਼ੇਸ਼ ਕਰਕੇ ਵਪਾਰਕ ਜਥੇਬੰਦੀਆਂ ਨੇ ਇਸ ਉਪਰ ਕਰੜਾ ਇਤਰਾਜ ਕੀਤਾ ਹੈ। ਦੇਸ਼ ਦੀਆਂ 10 ਹਜਾਰ ਵਪਾਰਕ ਜਥੇਬੰਦੀਆਂ ਨਾਲ ਜੁੜੇ ਕਰੋੜਾਂ ਵਪਾਰੀਆਂ ਨੇ ਇੱਕ ਦਸੰਬਰ 2011 ਨੂੰ ਸਰਬ ਭਾਰਤ ਬੰਦ ਕੀਤਾ । ਸਰਕਾਰ ਦੇ ਫੈਸਲੇ ਦੇ ਵਿਰੋਧ ਵਿੱਚ ਰੈਲੀਆਂ ਕੀਤੀਆਂ ।

ਇਸ ਮੁੱਦੇ ਦੇ ਵਿਰੋਧ ਦਾ ਰਾਜਨੀਤਕ ਲਾਹਾ ਲੈਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੇ ਵੀ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਜੋਰਦਾਰ ਸਮਰਥਨ ਕੀਤਾ। ਵਿਆਪਕ ਰੋਸ ਨੇ ਸਤਾਧਾਰੀ ਗਠ-ਜੋੜ (ਯੂ. ਪੀ. ਏ.)ਨੂੰ ਵੰਡ ਦਿੱਤਾ। ਤ੍ਰਿਣਾਮੂਲ ਕਾਂਗਰਸ ਅਤੇ ਡੀ ਐਮ ਕੇ ਵਰਗੇ, ਕਾਂਗਰਸ ਦੇ ਕੁੱਝ ਅਹਿਮ ਸਹਿਯੋਗੀ ਦਲਾਂ ਨੇ ਮੰਤਰੀ ਪ੍ਰੀਸ਼ਦ ਦੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ । ਅੰਤ ਵਿੱਚ ਸਰਕਾਰ ਨੂੰ 7 ਦਸੰਬਰ 2011 ਨੂੰ ਝੁਕਣਾ ਪਿਆ । ਬਹੁ ਬ੍ਰਾਂਡ (ਬਹੁ-ਮਾਰਕਾ) ਪ੍ਰਚੂਨ ਖੇਤਰ ਵਿੱਚ ਐਫ. ਡੀ. ਆਈ. ਦੀ ਮਨਜੂਰੀ ਦੇਣ ਦੇ ਆਪਣੇ ਫੈਸਲੇ ਉਤੇ ਰੋਕ ਲਗਾਉਣ ਦਾ ਐਲਾਨ ਕਰਨਾ ਪਿਆ ।

ਸਰਕਾਰ ਦੇ ਰੋਕ ਲਗਾਉਣ ਦੇ , ਇਸ ਐਲਾਨ ਦੀ ਵਿਰੋਧਤਾ ਕਰਨ ਦੀ, ਹੁਣ ਵਾਰੀ ਆਈ ਦੇਸ਼ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਦੀਆਂ ਜਥੇਬੰਦੀਆਂ ਦੀ । ਫਿਕੀ (ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਮਰਸ ਐਂਡ ਇੰਡਸਟਰੀ), ਸੀ ਆਈ ਆਈ ਅਤੇ ਐਸੋਚੈਮ ਸਮੇਤ ਸਾਰੇ ਉਦਯੋਗਪਤੀਆਂ ਦੇ ਸੰਗਠਨਾਂ ਨੇ, ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਦੀ ਮਨਜੂਰੀ ’ਤੇ ਰੋਕ ਲਗਾਉਣ ਦੇ, ਸਰਕਾਰ ਦੇ ਫੈਸਲੇ ’ਤੇ ਆਪਣੀ ਨਿਰਾਸ਼ਾ ਜਤਾਈ । ਫਿਕੀ (ਭਾਰਤੀ ਵਪਾਰ ਤੇ ਉਦਯੋਗ ਸੰਗਠਨ) ਦੇ ਚੇਅਰਮੈਨ, ਹਰਸ਼ ਮਾਰੀਵਾਲਾ, ਨੇ ਕਿਹਾ ਕਿ ਇਹ ਦੇਸ਼ ਦੇ ਵਿਕਾਸ ਨੂੰ ਬਹੁਤ ਪਿਛੇ ਲੈ ਕੇ ਜਾਣ ਵਾਲਾ ਕਦਮ ਹੈ । ਉਨ੍ਹਾਂ ਨੇ ਕਿਹਾ ਕਿ ਅਰਥਵਿਵਸਥਾ ਦਾ ਇਹ ਬੇਹੱਦ ਮਹੱਤਵਪੂਰਣ ਖੇਤਰ ਹੈ । ਇਸ ਖੇਤਰ ਦੇ ਵਿਕਾਸ ਨਾਲ ਸੰਭਾਵਤ ਖੇਤੀ ਖੇਤਰ ਦੇ ਮਜਬੂਤੀ ਨਾਲ ਜੁੜੇ ਹੋਣ ਦੇ ਪ੍ਰਮਾਣ ਹਨ। ਇਸ ਕਰਕੇ ਪੂਰੀ ਅਰਥਵਿਵਸਥਾ ਦੇ ਵਾਧੇ ਲਈ ਅਜਿਹੇ ਸੁਧਾਰ ਕੀਤੇ ਜਾਣੇ ਅਤਿ ਜਰੂਰੀ ਹਨ । ਉਦਯੋਗ ਦੀ ਦੂਜੀ ਧਿਰ , ਐਸੋਸੀਏਟ ਚੈਂਬਰ ਆਫ ਕਮਰਸ ਐਂਡ ਇੰਡਸਟਰੀ (ਐਸੋਚੈਮ) ਦੀ ਪ੍ਰਤੀ ਕਿਰਿਆ ਸੀ , “ਇਹ ਸਪਸ਼ਟ ਰੂਪ ਵਿੱਚ ਇੱਕ ਅਜਿਹਾ ਮਾਮਲਾ ਹੈ ਜਿਸ ਨਾਲ ਤਿੰਨ ਸਾਲ ਵਿੱਚ 10 ਮਿਲੀਅਨ (ਇੱਕ ਕਰੋੜ) ਰੁਜਗਾਰ ਦੇ ਨਵੇਂ ਮੌਕੇ ਗਵਾਏ ਜਾਣਗੇ । ਖੇਤੀ ਪੈਦਾਵਾਰ ਦੀ ਬਰਬਾਦੀ ਨੂੰ ਰੋਕਣ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੀਆਂ ਬਿਹਤਰ ਕੀਮਤਾਂ ਦਿਵਾਉਣ ਦੇ ਮੌਕੇ ਖੁੱਸ ਜਾਣਗੇ । ਖਪਤਕਾਰਾਂ ਦੇ ਹਿਤ ਵਿੱਚ ਕਈ ਵਸਤਾਂ ਦੀਆਂ ਕੀਮਤਾਂ ਘਟਾਉਣ ਦੇ ਮੌਕਿਆਂ ਨੂੰ ਗੁਆ ਦਿੱਤਾ ਜਾਏਗਾ (2)”।

ਉਦਯੋਗਪਤੀਆਂ ਦੀਆਂ ਇਨ੍ਹਾਂ ਜਥੇਬੰਦੀਆਂ ਦੀਆਂ ਪ੍ਰਤੀ-ਕਿਰਿਆਵਾਂ ਦੇ ਸੰਦਰਭ ਵਿੱਚ, ਵਿੱਤ ਮੰਤਰੀ ਪ੍ਰਣਬ ਮੁਕਰਜੀ ਅਤੇ ਵਪਾਰ ਤੇ ਉਦਯੋਗ ਮੰਤਰੀ ਅਨੰਦ ਸ਼ਰਮਾ, ਤੁਰੰਤ ਵਡੇ ਉਦਯੋਗਪਤੀਆਂ ਨੂੰ ਯਕੀਨ ਦਵਾਉਣ ਪਹੁੰਚੇ । ਉਨ੍ਹਾਂ ਸਪਸ਼ਟੀਕਰਨ ਦਿੱਤਾ ਕਿ ਸਰਕਾਰ ਨੇ ਬਹੁ ਬ੍ਰਾਂਡ (ਬਹੁ-ਮਾਰਕਾ) ਪ੍ਰਚੂਨ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਦੀ ਸਕੀਮ ਨੂੰ ਕੁੱਝ ਸਮੇ ਲਈ ਹੀ ਰੋਕਿਆ ਹੈ । ਉਹ ਇਸ ਮਾਮਲੇ ਉਪਰ ਆਮ ਰਾਜਨੀਤਕ ਸਹਿਮਤੀ ਬਣਾਉਣ ਲਈ ਸਖਤ ਮਿਹਨਤ ਕਰ ਰਹੇ ਹਨ।(3) ਮੀਡੀਆ ਨਾਲ ਗੱਲ ਬਾਤ ਕਰਦੇ ਹੋਏ 17 ਦਸੰਬਰ 2011 ਨੂੰ , ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੱਸਿਆ ਕਿ ਉਹ ਉਮੀਦ ਕਰਦੇ ਹਨ ਕਿ ਮਾਰਚ 2012 (4) ਤੱਕ ਪੰਜ ਰਾਜਾਂ ਵਿੱਚ ਚੋਣਾਂ ਦੇ ਬਾਅਦ, ਉਹ ਭਾਰਤੀ ਪ੍ਰਚੂਨ ਬਜਾਰ ਨੂੰ, ਵਿਦੇਸ਼ੀ ਕੰਪਨੀਆਂ ਦੇ ਲਈ ਖੋਲ੍ਹਣ ਵਿੱਚ ਕਾਮਯਾਬ ਹੋ ਜਾਣਗੇ । ਦਰ ਅਸਲ ਇਸ ਦਿਸ਼ਾ ਵਿੱਚ ਇੱਕ ਕਦਮ ਅੱਗੇ ਵਧਾਉਂਦੇ ਹੋਏ ਸਰਕਾਰ ਨੇ 10 ਜਨਵਰੀ 2012 ਨੂੰ ਇੱਕਲੇ ਬ੍ਰਾਂਡ (ਸਿੰਗਲ ਬ੍ਰਾਂਡ) ਦੇ ਪ੍ਰਚੂਨ ਖੇਤਰ ਵਿੱਚ ਸੌ ਫੀ ਸਦੀ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ।

ਇਨ੍ਹਾਂ ਤੱਥਾਂ ਨੂੰ ਧਿਆਨ ਨਾਲ ਸਮਝ ਲੈਣ ਨਾਲ ਅਸੀਂ ਭਾਰਤ ਸਰਕਾਰ ਦਾ ਅਸਲੀ ਰੂਪ ਸਮਝ

ਸਕਾਂਗੇ ।ਸਰਕਾਰ ਨੂੰ ਉਨ੍ਹਾਂ ਕਰੋੜਾਂ ਲੋਕਾਂ ਦੇ ਵਿਰੋਧ ਦੀ ਕੋਈ ਚਿੰਤਾ ਨਹੀਂ ਹੈ, ਜੋ ਆਪਣੀ ਰੋਜ਼ੀ ਰੋਟੀ ਬਚਾਉਣ ਦੀ ਲੜਾਈ ਲੜ ਰਹੇ ਹਨ। ਉਸ ਨੂੰ ਤਾਂ ਕੇਵਲ ਚਿੰਤਾ ਹੈ ਵੱਡੇ ਉਦਯੋਗਪਤੀਆਂ ਦੇ ਵਪਾਰ ਨੂੰ ਵਧਾਉਣ, ਪ੍ਰਚੂਨ ਵਪਾਰ ਵਿੱਚ ਸਿੱਧੀ ਵਿਦੇਸ਼ੀ ਪੂੰਜੀ ਲਗਵਾਉਣ ਅਤੇ ਉਨ੍ਹਾਂ ਦੇ ਮੁਨਾਫੇ ਵਧਾਉਣ ਦੀ ।

ਕੂੜ ਪ੍ਰਚਾਰ

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਲੈਕੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਲੈ ਰਹੇ ਰਾਹੁਲ ਗਾਂਧੀ ਤੱਕ, ਮੁਕੇਸ਼ ਅੰਬਾਨੀ ਤੋਂ ਲੈਕੇ ਰਤਨ ਟਾਟਾ ਤੱਕ ਸਾਰੇ ਦੇ ਸਾਰੇ ਕੂੜ ਪ੍ਰਚਾਰ ਕਰ ਰਹੇ ਹਨ ।ਇਹ ਸਾਰੇ ਇਸ ਗੱਲ ਦਾ ਦਾਅਵਾ ਕਰ ਰਹੇ ਹਨ ਕਿ ਭਾਰਤੀ ਪ੍ਰਚੂਨ ਬਜਾਰ ਵਿੱਚ ਵੱਡੀਆਂ ਬਹੁ ਕੌਮੀ ਕੰਪਨੀਆਂ ਦਾ ਆਉਣਾ ਹੀ, ਦੇਸ਼ ਦੀ ਅਰਥਵਿਵਸਥਾ ਦੇ ਡੂੰਘੇ ਹੁੰਦੇ ਸੰਕਟ ਦਾ ਇੱਕੋ ਇੱਕ ਹੱਲ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਸਿੱਧਾ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਮਹਿੰਗਾਈ ਰੋਕੇਗਾ ਅਤੇ ਆਮ ਆਦਮੀ ਨੂੰ ਰੋਜਾਨਾ ਜੀਵਨ ਵਿੱਚ ਲੋੜੀਂਦੀਆਂ ਚੀਜਾਂ ਘੱਟ ਕੀਮਤ ‘ਤੇ ਮਿਲਣਗੀਆਂ । ਕੇਵਲ ਇੰਨਾ ਹੀ ਨਹੀਂ, “ ਇਹ ਕਿਸਾਨਾਂ ਦੇ ਲਈ ਫਾਇਦੇਮੰਦ ਹੋਵੇਗਾ ਕਿਉਂਕਿ ਇਹ ਦੇਸ਼ ਵਿੱਚ ਨਵੀਂ ਤਕਨੀਕ ਲਿਆਏਗਾ, ਪੇਂਡੂ ਤਾਣੇ ਬਾਣੇ ਵਿੱਚ ਸੁਧਾਰ ਕਰੇਗਾ , ਖੇਤੀ ਉਪਜ ਨੂੰ ਨਸ਼ਟ ਹੋਣ ਤੋਂ ਰੋਕੇਗਾ ਅਤੇ ਸਾਡੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੀ ਚੰਗੀ ਕੀਮਤ ਦੇਵੇਗਾ”(5)। ਦਰਅਸਲ ਵਪਾਰ ਮੰਤਰੀ ਅਨੰਦ ਸ਼ਰਮਾ ਨੇ ਤਾਂ ਇੱਕ ਕਦਮ ਹੋਰ ਅੱਗੇ ਵਧ ਕੇ ਦਾਅਵਾ ਕੀਤਾ ਹੈ ਕਿ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਨਾਲ ਅਗਲੇ ਤਿੰਨ ਸਾਲਾਂ ਵਿੱਚ ਨਵੇਂ ਰੁਜਗਾਰ ਦੇ ਇੱਕ ਕਰੋੜ ਮੌਕੇ ਪੈਦਾ ਹੋਣਗੇ (6) ।

ਵਾਹ ! ਕਿੰਨੇ ਬੇਖੌਫ ਹੋ ਕੇ ਝੂਠ ਬੋਲ ਰਹੇ ਹਨ ਇਹ ਲੋਕ। ਇਨ੍ਹਾਂ ਨੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਿਨ੍ਹਾਂ ਦੇ ਦੂਰ ਪ੍ਰਭਾਵਾਂ ਦੇ ਕਾਰਣ ਪਿਛਲੇ ਦਹਾਕੇ ਵਿੱਚ ਲੱਗ ਭੱਗ ਢਾਈ ਲੱਖ ਤੋਂ ਵੱਧ ਕਿਸਾਨਾਂ ਨੂੰ ਖੁਦਕਸ਼ੀਆਂ ਦੇ ਰਾਹ ਪੈਣਾ ਪਿਆ । ਹੁਣ ਸਰਕਾਰ ਵਿੱਚ ਬੈਠੇ ਇਹ ਲੋਕ, ਕਿਸਾਨਾਂ ਦੀ ਬੁਰੀ ਹਾਲਾਤ ਨੂੰ ਸੁਧਾਰਨ ਦੀ ਗੱਲ ਕਰ ਰਹੇ ਨੇ! ਉਨ੍ਹਾਂ ਦਾ ਦਾਅਵਾ ਹੈ ਕਿ ਪ੍ਰਚੂਨ ਖੇਤਰ ਵਿੱਚ ਬਹੁ ਕੌਮੀ ਕਾਰਪੋਰੇਟ ਘਰਾਣਿਆਂ ਦੇ ਆਉਣ ਨਾਲ ਭਾਰਤੀ ਅਰਥਵਿਵਸਥਾ ਨੂੰ ਬੇਹੱਦ ਲਾਭ ਹੋਵੇਗਾ।ਹੁਣ ਫੇਰ, ਭਾਰਤੀ ਸਤਾਧਾਰੀ ਵਰਗ ਨੇ ਉਸੇ ਪੁਰਾਣੇ ਤਰਕ ਨੂੰ ਦੁਹਰਾ ਦਿੱਤਾ ਹੈ, ਜਿਹੜਾਂ ਉਨ੍ਹਾਂ ਨੇ ਅੱਜ ਤੋਂ ਦੋ ਦਹਾਕੇ ਪਹਿਲਾਂ (ਆਮ ਭਾਸ਼ਾ ਵਿੱਚ ਜਿਸ ਨੂੰ ਭਾਰਤੀ ਅਰਥ ਵਿਵਸਥਾ ਵਿੱਚ ਵਿਸ਼ਵੀਕਰਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ) ਦੇਸ਼ ਵਿੱਚ ਬਹੁ ਕੌਮੀ ਕਾਰਪੋਰੇਸ਼ਨਾਂ (ਐਮ ਐਨ ਸੀਜ਼) ਦੇ ਸੁਆਗਤ ਸਮੇ ਦਿੱਤਾ ਸੀ । ਦਰਅਸਲ ਉਦਾਰੀਕਰਨ ਨੇ ਸੱਭ ਤੋਂ ਜਿਆਦਾ ਲਾਭ, ਵੱਡੇ ਭਾਰਤੀ ਪੂੰਜੀਪਤੀਆਂ ਨੂੰ ਪਹੁੰਚਾਇਆ ਹੈ । ਦੇਸ਼ ਵਿੱਚ ਵਿਅਕਤੀਗਤ ਪੂੰਜੀਪਤੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ । ਜਿਨ੍ਹਾਂ ਕੋਲ ਉਸ ਸਮੇ ਨਿਵੇਸ਼ ਲਈ 10 ਲੱਖ ਡਾਲਰ (4.6 ਕਰੋੜ) ਦੀ ਪੂੰਜੀ ਸੀ, ਉਸ ਵਿੱਚ ਪਹਿਲਾਂ ਦੇ ਅਰਸੇ ਦੇ ਮੁਕਾਬਲੇ 51 % ਵਾਧਾ ਹੋਇਆ ਹੈ । ਜਦ ਕਿ ਉਥੇ ਹੀ ਦੂਜੇ ਪਾਸੇ, ਦੇਸ਼ ਦੀ ਬਹੁਤੀ ਆਬਾਦੀ (ਲੱਗ ਭੱਗ 77%) 20 ਰੁਪਏ ਰੋਜਾਨਾ ਤੇ ਗੁਜ਼ਾਰਾ ਕਰਨ ਲਈ ਮਜਬੂਰ ਹੈ ।ਇਸ ਤੋਂ ਵੀ ਭਿਆਨਕ ਸਚਾਈ ਇਹ ਹੈ ਕਿ 87% ਪੇਂਡੂ ਆਬਾਦੀ ਨੂੰ ਰੋਜਾਨਾ ਨਿਰਧਾਰਤ ਘੱਟੋ ਘੱਟ 2400 ਕੈਲੋਰੀ ਪੌਸ਼ਟਿਕ ਊਰਜਾ ਵੀ ਨਹੀਂ ਮਿਲ ਰਹੀ (7)। ਅਸਲ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ. ਡੀ. ਆਈ.) ਨਾਲ, ਰੁਜਗਾਰ ਜਿਆਦਾ ਪੈਦਾ ਹੋਣ ਦੀਆਂ, ਇਨ੍ਹਾਂ ਨੀਤੀ ਘਾੜਿਆਂ ਦੀਆਂ ਗੱਲਾਂ ਹਾਸੋ ਹੀਣੀਆਂ ਹਨ। ਇਨ੍ਹਾਂ ਦੀਆਂ ਹੀ ਆਰਥਕ ਨੀਤੀਆਂ ਨੇ ਦੇਸ਼ ਨੂੰ ਪਿਛਲੇ ਇੱਕ ਦਹਾਕੇ ਤੋਂ ਅਜਿਹਾ ਵਿਕਾਸ ਦਿੱਤਾ ਹੈ ਜਿਸ

ਵਿੱਚ ਰੁਜਗਾਰ ਦੇ ਮੌਕੇ ਪੈਦਾ ਹੀ ਨਹੀਂ ਹੋਏ (8) ।

ਲੇਕਿਨ ਇਕ ਪਲ ਦੇ ਲਈ ਇਸ ਵਿਆਪਕ ਅਲੋਚਨਾ ਨੂੰ ਪਾਸੇ ਰੱਖ ਦੇਈਏ ਅਤੇ ਵਿਸ਼ਲੇਸ਼ਣ ਕਰੀਏ ਕਿ ਅਸਲ ਵਿੱਚ ਭਾਰਤ ਦੇ ਪ੍ਰਚੂਨ ਖੇਤਰ ਨਾਲ ਉਸ ਵਕਤ ਕੀ ਬੀਤੇਗਾ, ਜਦ ਵਿਦੇਸ਼ਾਂ ਦੀਆਂ ਦਿਓ ਕੱਦ ਪ੍ਰਚੂਨ ਕੰਪਨੀਆਂ, ਭਾਰਤੀ ਅਰਥ ਵਿਵਸਥਾ ਵਿੱਚ ਪਰਵੇਸ਼ ਕਰਨਗੀਆਂ। ਅਤੇ ਉਸ ਪਿਛੋਕੜ ਵਿੱਚ ਖਪਤਕਾਰਾਂ ਨੂੰ ਅਤੇ ਕਿਸਾਨਾਂ ਨੂੰ ਮਿਲਣ ਵਾਲੇ ਕਥਿਤ ਲਾਭਾਂ ਤੇ ਇੱਕ ਝਾਤ ਮਾਰੀਏ ।

2. ਭਾਰਤੀ ਪ੍ਰਚੂਨ ਖੇਤਰ : ਤੱਥ ਤੇ ਅੰਕੜੇ

ਬੇਸ਼ੱਕ ਇਸ ਬਾਬਤ ਕੋਈ ਅਧਿਕਾਰਤ ਅੰਕੜੇ ਨਹੀਂ ਮਿਲਦੇ , ਫਿਰ ਵੀ ਅੰਦਾਜਾ ਹੈ ਕਿ ਭਾਰਤੀ ਪ੍ਰਚੂਨ ਖੇਤਰ ਲੱਗ ਭੱਗ 400-500 ਬਿਲੀਅਨ ਡਾਲਰ (ਇੱਕ ਬਿਲੀਅਨ ਡਾਲਰ ਲੱਗ ਭੱਗ 5500 ਕਰੋੜ ਰੁਪਏ) ਦਾ ਹੈ (9) ।ਦੇਸ਼ ਵਿੱਚ ਖੇਤੀ ਖੇਤਰ ਦੇ ਬਾਅਦ, ਰੁਜਗਾਰ ਦਾ ਇਹ ਦੂਜਾ ਵੱਡਾ ਖੇਤਰ ਹੈ । ਵਰਤਮਾਨ ਸਮੇ ਵਿੱਚ ਤਾਂ ਚਾਰ ਕਰੋੜ ਲੋਕ ਯਾਨੀ ਦੇਸ਼ ਵਿੱਚਲੇ ਕੁੱਲ ਰੁਜਗਾਰ ਦਾ ਕਰੀਬ 10% ਪ੍ਰਚੂਨ ਵਪਾਰ ਵਿੱਚ ਹੀ ਲੱਗੇ ਹਨ (10)।

ਰੁਜਗਾਰ ਵਧਾਉਣ ਦੇ ਨਜਰੀਏ ਤੋਂ ਪ੍ਰਚੂਨ ਵਪਾਰ ਸੰਭਵ ਤੌਰ ’ਤੇ ਅੱਜ, ਦੇਸ਼ ਦਾ ਸੱਭ ਤੋਂ ਅਹਿਮ ਖੇਤਰ ਬਣਿਆ ਹੋਇਆ ਹੈ। ਕਿਉਂਕਿ ਪਿਛਲੇ ਸਮੇ ਦੋ ਦਹਾਕਿਆਂ ਤੋਂ ਚੱਲਾਏ ਜਾ ਰਹੇ ਆਰਥਕ ਸੁਧਾਰਾਂ ਕਾਰਨ ਖੇਤੀ ਅਤੇ ਨਿਰਮਾਣ ਖੇਤਰ ਵਿੱਚ ਰੁਜਗਾਰ ਦੇ ਵਾਧੇ ਵਿੱਚ ਅਸਲ ਵਿੱਚ ਖੜੋਤ ਹੀ ਆ ਗਈ ਹੈ । ਇਸ ਕਾਰਨ ਰੁਜਗਾਰ ਨਾ ਮਿਲਣ ਦੀ ਹਾਲਤ ਵਿੱਚ ਪ੍ਰਚੂਨ ਖੇਤਰ ਇੱਕ ਆਖਰੀ ਸਹਾਰਾ ਬਣਿਆ ਰਹਿੰਦਾ ਹੈ , ਜੋ ਕਿ ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਦੀ ਅਣਹੋਂਦ ਵਿੱਚ ਇੱਕ ਬਦਲ ਦਾ ਕੰਮ ਕਰਦਾ ਹੈ । ਭਾਵ ਜਦ ਕਾਰਖਾਨੇ ਦੇ ਬੰਦ ਹੋ ਜਾਣ ਕਾਰਨ ਕਾਮੇ ਬੇਰੁਜਗਾਰ ਹੋ ਜਾਂਦੇ ਹਨ ਜਾਂ ਕਿਸਾਨ ਕੁੱਝ ਮਹੀਨੇ ਵਿਹਲਾ ਰਹਿੰਦਾ ਹੈ ਜਾਂ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਜਾਂਦਾ ਹੈ ਜਾਂ ਇੱਕ ਪੜ੍ਹੇ ਲਿਖੇ ਨੌਜੁਆਨ ਨੂੰ , ਮੰਦੀ ਵਿੱਚ ਆਏ ਨਿਰਮਾਣ ਉਦਯੋਗ ਵਿੱਚ ਨੌਕਰੀ ਨਹੀਂ ਮਿਲਦੀ , ਤਦ ਇਹ ਪ੍ਰਚੂਨ ਵਪਾਰ ਖੇਤਰ ਹੀ ਉਨ੍ਹਾਂ ਸੱਭ ਨੂੰ ਵਕਤੀ ਤੌਰ ਤੇ ਰੁਜਗਾਰ ਮੁਹਈਆ ਕਰਵਾਉਂਦਾ ਹੈ । ਇੱਕ ਕੁਸ਼ਲ ਕਾਮਾ ਰੇਹੜੀ ਲਗਾ ਲੈਂਦਾ ਹੈ। ਕਿਸਾਨ ਪਾਨ ਬੀੜੀ ਦੀ ਦੁਕਾਨ ਖੋਲ੍ਹ ਲੈਂਦਾ ਹੈ। ਪੜ੍ਹਿਆ ਲਿਖਿਆ ਬੇਰੁਜਗਾਰ ਨੌਜੁਆਨ ਅਖਬਾਰ ਵੇਚ ਲੈਂਦਾ ਹੈ ਜਾਂ ਘਰ ਘਰ ਜਾ ਕੇ ਕੁੱਝ ਸਮਾਨ ਵੇਚ ਲੈਂਦਾ ਹੈ । ਅਤੇ ਥੋੜ੍ਹੀ ਪਰੋਖੋ ਵਾਲਾ ਵਿਅਕਤੀ ਟੈਲੀਫੋਨ ਬੂਥ ਅਤੇ ਪ੍ਰਚੂਨ ਟੈਲੀਕਾਮ ਕਾਰਡ ਦੀ ਸੇਵਾ ਸ਼ੁਰੂ ਕਰ ਲੈਂਦਾ ਹੈ । ਜਦ ਬਹੁਤ ਹੀ ਘੱਟ ਮਾਮਲਿਆਂ ਵਿੱਚ ਬੰਦ ਪਿਆ ਕਾਰਖਾਨਾ ਫਿਰ ਚਾਲੂ ਹੋ ਜਾਂਦਾ ਹੈ ਜਾਂ ਵਾਢੀ ਦੀ ਰੁੱਤ ਆਉਣ ਤੇ; ਇਨ੍ਹਾਂ ਨਵੇਂ ਆਇਆਂ ਵਿੱਚੋਂ ਕੁੱਝ, ਪ੍ਰਚੂਨ ਵਪਾਰ ਨੂੰ ਛੱਡ ਕੇ ਆਪਣੇ ਪੁਰਾਣੇ ਧੰਦੇ ਵਿੱਚ ਮੁੜ ਚਲੇ ਜਾਂਦੇ ਹਨ ।

ਕੇਂਦਰੀ ਅੰਕੜਾ ਸੰਗਠਨ (ਸੀ ਐਸ ਓ) ਦੁਆਰਾ 2005 ਵਿੱਚ ਕਰਵਾਈ ਗਈ ਦੇਸ਼ ਵਿਆਪੀ ਆਰਥਕ ਜਨ-ਗਣਨਾ ਦੇ ਮੁਤਾਬਕ ਪੂਰੇ ਦੇਸ਼ ਵਿੱਚ ਕਰੀਬ 14.9 ਮਿਲੀਅਨ (ਲੱਗ ਭੱਗ ਇੱਕ ਕਰੋੜ ਚਾਲੀ ਲੱਖ ਨੱਬੇ ਹਜਾਰ) ਪ੍ਰਚੂਨ ਦੁਕਾਨਾਂ (12) ਸਨ । ਇਹ ਗਿਣਤੀ ਦੁਨੀਆਂ ਦੇ ਕਿਸੇ ਵੀ ਦੇਸ਼ ਨਾਲੋਂ ਸੱਭ ਤੋਂ ਵੱਧ ਹੈ ।ਭਾਰਤ ਦੇ ਪ੍ਰਚੂਨ ਵਪਾਰ ਦੇ ਖੇਤਰ ਵਿੱਚ ਛੋਟੇ ਪ੍ਰਚੂਨ ਵਪਾਰੀਆਂ ਦੀ ਬਹੁ ਗਿਣਤੀ ਹੈ। ਇਨ੍ਹਾਂ ਵਿੱਚ ਕਰਿਆਨਾ, ਬਸਾਤੀ, ਫਰਨੀਚਰ, ਦਵਾ ਵੇਚਣ, ਲੋਹਾ ਤੇ ਲੱਕੜੀ, ਜੁੱਤੇ, ਗਾਰਮੈਂਟ (ਸਿਲੇ ਸਿਲਾਏ ਕਪੜੇ),

ਕਟਲਰੀ (ਭਾਂਡਿਆਂ) ਦੀਆਂ ਦੁਕਾਨਾਂ ਸ਼ਾਮਲ ਹਨ । ਕਿਤਾਬਾਂ-ਕਾਪੀਆਂ ਦੀਆਂ , ਡਬਲਰੋਟੀ ਤੇ ਬਿਸਕੁਟਾਂ ਦੀਆਂ , ਫਲ ਅਤੇ ਸਬਜੀ ਦੀਆਂ ਦੁਕਾਨਾਂ ਵੀ ਇਨ੍ਹਾਂ ਦਾ ਹੀ ਹਿੱਸਾ ਹਨ । ਹੱਥ ਖੱਡੀ ਦਾ ਸਮਾਨ ਵੇਚਣ ਵਾਲੇ , ਫੇਰੀ ਵਾਲੇ, ਪਟੜੀ ਤੇ ਬੈਠੇ ਦੁਕਾਨਦਾਰ ਆਦਿ ਵੀ ਇਨ੍ਹਾਂ ਵਿੱਚ ਹੀ ਸ਼ਾਮਲ ਹਨ । ਇਹ ਸਾਰੇ ਮਿਲ ਕੇ ਗੈਰ ਜਥੇਬੰਦਕ ਪ੍ਰਚੂਨ ਜਾਂ ਰਵਾਇਤੀ ਪ੍ਰਚੂਨ ਖੇਤਰ ਬਣਾਉਂਦੇ ਹਨ । ਸਾਰਾ ਮਿਲਾ ਕੇ ਇਹ ਖੇਤਰ, ਪ੍ਰਚੂਨ ਵਿਕਰੀ ਦੇ 93% ਦਾ ਵਿਕਰੀ ਖੇਤਰ ਬਣਦਾ ਹੈ । ਜਥੇਬੰਦਕ ਪ੍ਰਚੂਨ ਖੇਤਰ ਦਾ ਕਾਰੋਬਾਰ ਕੇਵਲ ਬਾਕੀ ਦਾ 7% ਬਣਦਾ ਹੈ । ਇਸ 7% ਵਿੱਚ ਆ ਜਾਂਦੀਆਂ ਨੇ, ਕਾਰਪੋਰੇਟਾਂ ਦੀ ਸਹਾਇਤਾ ਨਾਲ ਖੋਲ੍ਹੀਆਂ ਉਚ ਦੁਕਾਨਾਂ (ਵੱਡੇ ਵੱਡੇ ਮਾਲਜ਼) ਅਤੇ ਪ੍ਰਚੂਨ ਲੜੀਆਂ । ਨਿਜੀ ਮਲਕੀਅਤ ਵਾਲੇ ਪ੍ਰਚੂਨ ਦੇ ਵੱਡੇ ਵਪਾਰੀ ਵੀ ਇਨ੍ਹਾਂ ਵਿੱਚ ਹੀ ਸ਼ਾਮਲ ਹਨ।

ਸੰਗਠਿਤ ਪ੍ਰਚੂਨ ਵਪਾਰ : ਪਹਿਲਾਂ ਹੀ ਵਿਕਸਿਤ ਹੋ ਰਿਹਾ ਹੈ

ਪਿਛਲੇ ਕੁੱਝ ਸਾਲਾਂ ਤੋਂ ਸੰਗਠਿਤ ਪ੍ਰਚੂਨ ਖੇਤਰ ਵਿੱਚ ਭਾਰੀ ਵਾਧਾ ਹੋਇਆ ਹੈ ।ਅੰਤਰ ਰਾਸਟਰੀ ਆਰਥਕ ਸੰਬੰਧਾਂ ਬਾਬਤ ਭਾਰਤੀ ਖੋਜ ਪ੍ਰੀਸਦ ਰਾਹੀਂ, ਸਰਕਾਰ ਦੁਆਰਾ ਮਈ 2008 ਵਿੱਚ ਇੱਕ ਅਧਿਅਨ ਕਰਵਾਇਆ ਗਿਆ।ਇਸ ਅਧਿਅਨ ਮੁਤਾਬਕ 2006-07 ਤੋਂ 2011-12 ਦੇ ਦਰਮਿਆਨ ਪ੍ਰਚੂਨ ਖੇਤਰ ਵਿੱਚ 10% ਦੇ ਵਾਧੇ ਦੀ ਉਮੀਦ ਕੀਤੀ ਗਈ ਸੀ । ਜਦ ਕਿ ਸੰਗਠਿਤ ਪ੍ਰਚੂਨ ਵਪਾਰ ਵਿੱਚ ਇਸੇ ਅਰਸੇ ਦੌਰਾਨ 45-50% ਦੀ ਆਸਾਧਾਰਣ ਤੇਜੀ ਦੀ ਸਲਾਨਾ ਦਰ ਨਾਲ ਵਿਕਾਸ ਦੀ ਉਮੀਦ ਜਤਾਈ ਗਈ ਸੀ **(13)** । ਏ. ਟੀ. ਕਰਨਸ (ਪ੍ਰਬੰਧ ਬਾਬਤ ਸੰਸਾਰ ਦੀ ਪ੍ਰਸਿੱਧ ਸਲਾਹ ਮਸ਼ਵਰਾ ਸੰਸਥਾ) ਨੇ ਆਪਣੇ 2011 ਦੇ ਸੰਸਾਰ ਪੱਧਰ ਦੇ ਪ੍ਰਚੂਨ ਵਪਾਰ ਦੇ ਸੂਚਕ ਅੰਕ (ਗਲੋਬਲ ਰਿਟੇਲ ਡਵਲਪਮੈਂਟ ਇੰਡੈਕਸ) ਵਿੱਚ ਉਮੀਦ ਜਤਾਈ ਹੈ ਕਿ ਭਾਰਤ ਦਾ ਸੰਗਠਿਤ ਪ੍ਰਚੂਨ ਵਪਾਰ 2020 ਤੱਕ ਮੌਜੂਦਾ 7% ਤੋਂ 20% ਤੱਕ ਵਧ ਜਾਏਗਾ **(14)** । ਇਹ ਸੰਸਥਾ ਪ੍ਰਚੂਨ ਬਜਾਰ ਦੇ ਰੂਪ ਵਿੱਚ ਉਭਰਦੇ ਉਪਰਲੇ 30 ਦੇਸ਼ਾਂ ਦੀ ਦਰਜਾਬੰਦੀ ਕਰਦੀ ਹੈ, ਜਿਸਦੇ ਆਧਾਰ ’ਤੇ ਦੁਨੀਆ ਦੇ ਪ੍ਰਚੂਨ ਵਪਾਰੀ ਆਪਣੀਆਂ ਨਿਵੇਸ਼ ਨੀਤੀਆਂ ਤਹਿ ਕਰ ਸਕਦੇ ਹਨ) ।

1999 ਵਿੱਚ ਭਾਰਤ ਵਿੱਚ ਕੇਵਲ ਤਿੰਨ ਸ਼ਾਪਿੰਗ ਮਾਲ ਸਨ, ਜਿਨ੍ਹਾਂ ਦਾ ਫੈਲਾਅ ਕੇਵਲ 10 ਲੱਖ ਵਰਗ ਫੁੱਟ ਵਿੱਚ ਸੀ। ਜਦ ਕਿ 2006 ਦੇ ਅੰਤ ਤੱਕ ਦੇਸ਼ ਵਿੱਚ 137 ਮਾਲਜ਼ ਸਨ ਤੇ ਇਨ੍ਹਾਂ ਦਾ ਰਕਬਾ 280 ਲੱਖ ਵਰਗ ਫੁੱਟ ਹੋ ਗਿਆ ਸੀ ।ਅਰਥਾਤ ਇਨ੍ਹਾਂ ਮਾਲਜ਼ ਦਾ ਰਕਬਾ ਹਰ ਸਾਲ ਔਸਤਨ 39 ਲੱਖ ਵਰਗ ਫੁੱਟ ਦੀ ਦਰ ਨਾਲ ਵਧਿਆ। ਪ੍ਰੰਤੂ 2006 ਤੋਂ ਬਾਅਦ ਇਨ੍ਹਾਂ ਮਾਲਜ਼ ਦੇ ਰਕਬੇ ਦੀ ਵਾਧਾ ਦਰ ਦੁਗਣੀ ਹੋ ਗਈ ਯਾਨੀ ਕਿ 80 ਲੱਖ ਵਰਗ ਫੁੱਟ ਸਲਾਨਾ ਹੋ ਗਈ ਸੀ।ਇਸ ਬਾਅਦ 2009 ਤੱਕ ਦੇਸ਼ ਵਿੱਚ ਸ਼ਾਪਿੰਗ ਮਾਲਜ਼ ਦੀ ਗਿਣਤੀ 172 ਸੀ ਅਤੇ ਕੁੱਲ 5 ਕਰੋੜ 20 ਲੱਖ ਵਰਗ ਫੁੱਟ ਜਗ੍ਹਾ ਉਨ੍ਹਾਂ ਦੇ ਕੋਲ ਸੀ। ਇਸ ਤੋਂ ਬਾਅਦ 2012 ਤੱਕ ਹੋਰ ਸਾਢੇ ਪੰਜ ਕਰੋੜ ਵਰਗ ਫੁੱਟ ਉਪਰ ਮਾਲਜ਼ ਬਣਨ ਦੇ ਅਨੁਮਾਨ ਨਾਲ 2009 ਦੇ ਮੁਕਾਬਲੇ ਪੂਰੇ ਦੇਸ਼ ਦਾ ਮਾਲਜ਼ ਦਾ ਰਕਬਾ ਵੱਧ ਕੇ ਦੁੱਗਣਾ ਹੋ ਜਾਣ ਦਾ ਅਮਦਾਜਾ ਸੀ **(15)** । ਭਾਰਤ ਦੇ ਕੁੱਝ ਵੱਡੇ ਕਾਰਪੋਰੇਟ ਘਰਾਣੇ ਪ੍ਰਚੂਨ ਦੁਕਾਨਾਂ ਖੋਲ੍ਹਣ ਲਈ ਸੰਗਠਿਤ ਪ੍ਰਚੂਨ ਵਪਾਰ ਵਿੱਚ ਪ੍ਰਵੇਸ਼ ਕਰ ਗਏ ਹਨ।ਇਨ੍ਹਾਂ ਵਿੱਚ ਰਿਲਾਇੰਸ (ਰਿਲਾਇੰਸ ਫਰੈਸ਼, ਰਿਲਾਇੰਸ ਮਾਰਟ) ਅਦਿਤੀ ਬਿਰਲਾ ਗਰੁੱਪ (ਮੋਰ) ਟਾਟਾ ਗਰੁੱਪ (ਵੈਸਟ ਸਾਈਡ, ਸਟਾਰ ਇੰਡੀਆ ਬਜਾਰ, ਲੈਂਡ ਮਾਰਕ),ਕੇ ਰਹੇਜਾ ਗਰੁੱਪ (ਸ਼ਾਪਰਜ਼ ਸਟਾਪ, ਕਰਾਸ ਵਰਡ ਅਤੇ ਇਨ ਆਰਬਿਟ ਮਾਲ) ਅਤੇ ਆਰ ਪੀ ਗੋਇਨਕਾ ਗਰੁੱਪ (ਸਪੈਂਸਰਜ਼) ਸ਼ਾਮਲ ਹਨ ।

ਸੰਗਠਿਤ ਪ੍ਰਚੂਨ ਖੇਤਰ ਦੇ ਵਿਕਾਸ ਦੀ ਤੇਜ ਚਾਲ ਨੇ ਛੋਟੇ ਪ੍ਰਚੂਨ ਪੇਸ਼ੇਵਰਾਂ ਉਪਰ ਬਹੁਤ ਬੁਰਾ ਅਸਰ ਪਾਇਆ ਹੈ । ਇੱਕ ਸਰਵੇਖਣ ਦੇ ਮੁਤਾਬਕ ਫਲ ਅਤੇ ਸਬਜੀਆਂ ਦੀਆਂ ਰਵਾਇਤੀ ਪ੍ਰਚੂਨ ਦੁਕਾਨਾਂ ਦੀ ਵਿੱਕਰੀ ਵਿੱਚ 10 ਤੋਂ 30 % ਦੀ ਗਿਰਾਵਟ ਆਈ ਜਿਸ ਨਾਲ ਬੈਂਗਲੁਰੂ, ਅਹਿਮਦਾਬਾਦ ਅਤੇ ਚੰਡੀਗੜ੍ਹ ਵਿੱਚ 20 ਤੋਂ 30 % ਆਮਦਨ ਘਟੀ ਹੈ । ਇਨ੍ਹਾਂ ਵਿੱਚੋਂ ਵੀ ਬੈਂਗਲੁਰੂ ਦੇ ਪ੍ਰਚੂਨ ਬਜਾਰਾਂ ਤੇ ਸੱਭ ਤੋਂ ਜਿਆਦਾ ਅਸਰ ਪਿਆ ਹੈ, ਜੋ ਦੇਸ਼ ਦਾ ਸੱਭ ਤੋਂ ਬੜਾ ਸੁਪਰ ਮਾਰਕੀਟ ਵਾਲਾ ਮਹਾਂਨਗਰ ਹੈ (16) । ਜੇਕਰ ਬਾਹਰ ਤੋਂ ਵਾਲਮਾਰਟ ਅਤੇ ਟੈਸਕੋ ਵਰਗੀਆਂਪ੍ਰਚੂਨ ਵਪਾਰ ਦੀਆਂ , ਦਿਉ ਕੱਦ ਐਮ ਐਨ ਸੀਜ਼ ਨੂੰ ਭਾਰਤੀ ਪ੍ਰਚੂਨ ਵਪਾਰ ਵਿੱਚ ਪੈਰ ਪਸਾਰਨ ਦੀ ਇਜਾਜਤ ਦਿੱਤੀ ਗਈ ਤਾਂ ਆਉਣ ਵਾਲੇ ਸਮੇ ਵਿੱਚ ਦੇਸ਼ ਦਾ ਗੈਰ ਸੰਗਠਿਤ ਪ੍ਰਚੂਨ ਖੇਤਰ ਖਤਮ ਹੋ ਜਾਵੇਗਾ ।

ਇਸਦੇ ਪਿਛੇ ਤਰਕ ਨੂੰ ਸਮਝਣ ਲਈ ਅਤੇ ਸਰਕਾਰੀ ਪ੍ਰਚਾਰ ਨੂੰ ਜਾਣਨ ਤੇ ਸਮਝਣ ਦੇ ਲਈ ਇਹ ਜਰੂਰੀ ਹੈ ਕਿ ਅਸੀਂ ਪਹਿਲਾਂ ਬਹੁ ਕੌਮੀ ਕੰਪਨੀਆਂ ਦੇ ਆਕਾਰ ਅਤੇ ਅਰਥਸਾਸਤਰ ਉਪਰ ਇੱਕ ਨਜਰ ਮਾਰ ਲਈਏ।

3. ਬਹੁ ਰਾਸ਼ਟਰੀ ਨਿਗਮ   ਕਿੱਡੇ ਦਿਉ ਕੱਦ ਨੇ

(ਬਹੁ ਕੌਮੀ ਕਾਰਪੋਰਸ਼ਨਾਂ : ਕਿਤਨਾ ਬੜਾ ਆਕਾਰ ਹੈ ?)

ਅੱਜ ਸੰਸਾਰ ਦੀ ਅਰਥ ਵਿਵਸਥਾ ਉਪਰ ਗਿਣੀਆਂ ਚੁਣੀਆਂ ਬਹੁ ਕੌਮੀ ਕਾਰਪੋਰੇਸ਼ਨਾਂ (ਐਮ ਐਨ ਸੀਜ਼) ਦਾ ਦਖਲ ਵੱਧਦਾ ਜਾ ਰਿਹਾ ਹੈ । ਐਮ ਐਨ ਸੀ ਇੱਕ ਨਿਗਮ ਹੁੰਦਾ ਹੈ ਜਿਸ ਦਾ ਪ੍ਰਬੰਧਕੀ ਮੁੱਖ ਦਫਤਰ ਤਾਂ ਕਿਸੇ ਇੱਕ ਦੇਸ਼ ਵਿੱਚ ਹੁੰਦਾ ਹੈ ਲੇਕਿਨ ਉਹ ਅਨੇਕਾਂ ਹੋਰ ਦੇਸ਼ਾਂ ਵਿੱਚ ਵੀ ਆਪਣਾ ਕਾਰੋਬਾਰ ਚਲਾਉਂਦਾ ਹੈ । ਐਮ ਐਨ ਸੀਜ਼ ਦੇ ਮੁੱਖ ਦਫਤਰ ਤਾਂ ਵਧੇਰੇ ਕਰਕੇ ਅਮੀਰ ਦੇਸ਼ਾਂ , ਜਿਵੇਂ ਅਮਰੀਕਾ, ਯੂਰਪੀ ਸੰਘ ਅਤੇ ਜਪਾਨ ਵਿੱਚ ਹਨ ਲੇਕਿਨ ਪਿਛਲੇ ਸਾਲਾਂ ਵਿੱਚ ਐਮ ਐਨ ਸੀਜ਼ ਦਾ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਵੀ ਵਿਕਾਸ ਹੋਇਆ ਹੈ ।

ਅਰਥ ਵਿਵਸਥਾ ਦੀ ਮੁੱਖ ਧਾਰਾ ਸਾਡੇ ਯੁੱਗ ਨੂੰ ਵਿਸ਼ਵ ਵਪਾਰ ਵਿੱਚ ਇੱਕ ਤੇਜ ਅਤੇ ਵੱਧੀ ਹੋਈ ਮੁਕਾਬਲੇਬਾਜੀ ਦਸਦੀ ਹੈ ਜਦ ਕਿ ਸਚਾਈ ਇਸਦੇ ਬਿਲਕੁਲ ਉਲਟ ਹੈ ।ਹਰੇਕ ਆਰਥਕ ਗਤੀਵਿਧੀ, ਸੋਚੇ ਜਾ ਸਕਨ ਵਾਲੇ ਹਰੇਕ ਖੇਤਰ ਵਿੱਚ ਚਾਹੇ ਉਹ ਆਟੋਮੋਬਾਈਲ ਦਾ ਜਾਂ ਸੈਮੀ ਕੰਡਕਟਰਜ਼ ਦਾ ਜਾਂ ਦਵਾਈਆਂ ਦਾ ਨਿਰਮਾਨ ਹੋਵੇ, ਜਾਂ ਉਹ ਪ੍ਰਚੂਨ ਖੇਤਰ ਹੋਵੇ ਜਾਂ ਆਵਾਜਾਈ ਜਾਂ ਸੂਚਨਾ ਤਕਨਾਲੋਜੀ ਹੋਵੇ, ਜਾਂ ਉਹ ਬੈਂਕਿੰਗ ਹੋਵੇ ਅਤੇ ਵਿੱਤ ਹੋਵੇ ਜਾਂ ਖੇਤੀ ਨਾਲ ਜੁੜਿਆ ਕੋਈ ਖੇਤਰ ਹੋਵੇ – ਬੀਜਾਂ ਦੇ ਉਤਪਾਦਨ ਤੋਂ ਲੈਕੇ ਕੀਟ ਨਾਸ਼ਕ ਬਣਾਉਣ ਤੱਕ , ਕਣਕ ਜਾਂ ਚਾਵਲ ਦੀ ਪੈਦਾਵਾਰ ਤੱਕ ; ਇਹ ਸੱਭ ਸੰਸਾਰ ਪੱਧਰ ‘ਤੇ ਮੁੱਠੀ ਭਰ ਵੱਡੇ ਕਾਰਪੋਰੇਟਾਂ ਦੇ ਗਲਬੇ ਹੇਠ ਹਨ ।ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਅਸੀਂ ਇੱਥੇ ਕਿਸੇ ਇੱਕ ਦੇਸ਼ ਵਿੱਚ, ਇੱਕ ਤਰ੍ਹਾਂ ਦੀਆਂ ਆਰਥਕ ਗਤੀਵਿਧੀਆਂ ਉਪਰ ਗਲਬੇ ਵਾਲੀਆਂ ਕੁੱਝ ਮੁੱਠੀ ਭਰ ਫਰਮਾਂ (ਅਦਾਰਿਆਂ) ਦੀ ਗੱਲ ਨਹੀਂ ਕਰ ਰਹੇ ਹਾਂ । ਬਲਕਿ ਗੱਲ ਕਰ ਰਹੇ ਹਾਂ ਉਨ੍ਹਾਂ ਦੀ ਉਸ ਆਰਥਕ ਗਤੀਵਿਧੀ ਉਪਰ ਪੂਰੇ ਸੰਸਾਰ ਪੱਧਰ ’ਤੇ ਆਪਣਾ ਦਬਦਬਾ ਬਣਾ ਕੇ ਬੈਠਣ ਦੀ । ਉਹੀ ਇੱਕ ਬਹੁ ਕੋਮੀ ਕਾਰਪੋਰੇਟ ਕੰਪਨੀ, 20 ਜਾਂ 50 ਜਾਂ ਇਸ ਤੋਂ ਵੀ ਜਿਆਦਾ ਦੇਸ਼ਾਂ ਵਿੱਚ ਆਪਣਾ ਕਾਰੋਬਾਰ ਕਰਦੀ ਹੈ ਅਤੇ ਆਪਣੇ ਵਰਗੀਆਂ ਮੁੱਠੀ ਭਰ

ਹੋਰ ਐਮ ਐਨ ਸੀਜ਼ ਸਮੇਤ, ਉਸ ਚੋਣਵੇਂ ਖੇਤਰ ਦੇ ਸੰਸਾਰ ਪੱਧਰੀ ਉਤਪਾਦਨ ਉਪਰ ਆਪਣਾ ਗਲਬਾ ਬਣਾਈ ਰੱਖਦੀਆਂ ਹਨ ।

ਉਦਹਾਰਣ ਦੇ ਤੌਰ ’ਤੇ, ਅੱਜ ਪੰਜ ਬਹੁਕੌਮੀ ਕੰਪਨੀਆਂ ਮਿਲ ਕੇ ਪੂਰੀ ਦੁਨੀਆ ਦੀ ਜਰੂਰਤ ਦੇ ਲੱਗ ਭੱਗ ਅੱਧੇ ਮੋਟਰ ਵਾਹਣਾਂ ਦਾ ਉਤਪਾਦਨ ਕਰਦੀਆਂ ਹਨ। ਅਤੇ 10 ਸੱਭ ਤੋਂ ਵੱਡੀਆਂ ਕੰਪਨੀਆਂ ਮਿਲ ਕੇ ਦੁਨੀਆਂ ਦੇ 70% ਤੋਂ ਵੱਧ ਮੋਟਰ ਵਾਹਣ ਬਣਾਉਂਦੀਆਂ ਹਨ । ਬਾਕੀ ਬਚੀਆਂ ਵੱਡੀਆਂ ਫਰਮਾਂ ਦੀ ਦੁਨੀਆਂ ਦੇ ਬਜਾਰ ਵਿੱਚ ਹਿੱਸੇਦਾਰੀ ਬੜੀ ਘੱਟ ਹੈ । ਦੂਜੇ ਸ਼ਬਦਾਂ ਵਿੱਚ, ਇਸ ਤੋਂ ਬਾਅਦ ਬਾਕੀ ਕੰਪਨੀਆਂ ਦੀ ਹਿੱਸੇਦਾਰੀ ਘਾਤ ਨਿਯਮ ਵੰਡ ਅਨੁਸਾਰ ਹੈ । ਮੋਟਰ ਵਾਹਣ ਬਣਾਉਣ ਵਾਲੀ 25ਵੀਂ ਸੱਭ ਤੋਂ ਵੱਡੀ ਕੰਪਨੀ ਦਾ ਹਿੱਸਾ ਸੰਸਾਰ ਬਜਾਰ ਦੇ ਇੱਕ ਪ੍ਰਤੀਸ਼ਤ ਦਾ ਵੀ ਲੱਗ ਭੱਗ ਅੱਧਾ ਹਿੱਸਾ ਹੀ ਹੈ, ਅਤੇ ਪੰਜਾਹਵੀਂ ਬੜੀ ਸੰਸਾਰੀ ਕੰਪਨੀ ਦੇ ਕੋਲ 1% ਦਾ ਦਸਵਾਂ ਹਿੱਸਾ ਹੈ (18)। ਇਸ ਦਾ ਸਪਸ਼ਟ ਅਰਥ ਹੈ ਕਿ ਇਹ ਛੋਟੀਆਂ ਕੰਪਨੀਆਂ ਸੰਸਾਰ ਦੇ ਮੋਟਰ ਬਜਾਰ ਵਿੱਚ ਉਨ੍ਹਾਂ ਪੰਜ ਬੜੀਆਂ ਕੰਪਨੀਆਂ ਦੀ ਸਰਦਾਰੀ ਨੂੰ ਕਦੀ ਚੁਨੌਤੀ ਦੇਣ ਦੇ ਯੋਗ ਨਹੀਂ ਹੋ ਸੱਕਦੀਆਂ ।ਇਸਦਾ ਆਰਥ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਇਹ ਛੋਟੀਆਂ ਕੰਪਨੀਆਂ ਜਾਂ ਤਾਂ ਖੁਦ ਆਪਸ ਵਿੱਚ ਰਲ ਜਾਣਗੀਆਂ ਜਾਂ ਬੜੀਆਂ ਕੰਪਨੀਆਂ ਉਨ੍ਹਾਂ ਨੂੰ ਖ੍ਰੀਦ ਲੈਣਗੀਆਂ । ਇਸਦਾ ਇੱਕ ਮਤਲਬ ਇਹ ਵੀ ਹੈ ਕਿ ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਆਸਮਾਨ ਤੋਂ ਜਾਂ ਕਿਸੇ ਹੋਰ ਗ੍ਰਹਿ ਤੋਂ ਕੋਈ ਨਵੀਂ ਕੰਪਨੀ ਉਭਰੇਗੀ ਅਤੇ ਉਹ ਸੰਸਾਰ ਦੀਆਂ ਆਟੋਮੋਬਾਈਲ ਖੇਤਰ ਦੀਆਂ ਮੁਠੀ ਭਰ ਕੰਪਨੀਆਂ ਦੇ ਦਬਦਬੇ ਨੂੰ ਲਲਕਾਰੇਗੀ ।

ਵਾਲ ਸਟਰੀਟ ਜਰਨਲ ਵਿੱਚ , ਸਾਲ 1999 ਵਿੱਚ ਇੱਕ ਬੇਹੱਦ ਸਟੀਕ ਸਿਰਲੇਖ ਨੀਚੇ ਪ੍ਰਕਾਸ਼ਤ ਲੇਖ “ ਹੁਣ ਅਸੀਂ ਅਲਪਅਧਿਕਾਰ (**Oligopoly**) ਖੇਡੀਏ” ਵਿੱਚ ਸਥਿਤੀ ਦਾ ਵਿਸ਼ਲੇਸ਼ਣ ਇਸ ਤਰ੍ਹਾਂ ਕੀਤਾ ਗਿਆ ਹੈ :

ਇੱਕ ਤੋਂ ਬਾਅਦ ਦੂਜੇ ਉਦਯੋਗ ਦਾ ਏਕੀਕਰਨ ਦੇ ਵੱਲ ਝੁਕਣਾ ਨਿਰਦਈ ਪ੍ਰਤੀਤ ਹੁੰਦਾ ਹੈ ... ਸੰਸਾਰ ਦਾ ਆਟੋਮੋਬਾਈਲ ਉਦਯੋਗ 6 ਜਾਂ 8 ਕੰਪਨੀਆਂ ਵਿੱਚ ਸਿਮਟ ਰਿਹਾ ਹੈ।ਇਨ੍ਹਾਂ ਵਿੱਚ ਦੋ ਅਮਰੀਕੀ ਕਾਰ ਨਿਰਮਾਤਾ, ਦੋ ਜਪਾਨੀ ਤੇ ਕੁੱਝ ਯੂਰਪੀ ਫਰਮਾਂ ਦੇ ਬਚਣ ਦੀ ਹੀ ਸੰਭਾਵਨਾ ਹੈ ।

ਦੁਨੀਆਂ ਵਿੱਚ ਸਹਿ-ਚਾਲਕ (ਸੈਮੀ ਕੰਡਕਟਰ) ਬਣਾਉਣ ਵਾਲੀਆਂ ਵੱਡੀਆਂ ਕੰਪਨੀਆਂ ਮੁਸ਼ਕਲ ਨਾਲ ਇੱਕ ਦਰਜਨ ਹਨ । ਮੁੱਖ ਤੌਰ ਤੇ ਚਾਰ ਕੰਪਨੀਆਂ ਪੂਰੇ ਸੰਸਾਰ ਵਿੱਚ ਸੰਗੀਤ ਦੇ ਰਿਕਾਰਡਾਂ ਦੀ ਪੂਰਤੀ ਕਰਦੀਆਂ ਹਨ । ਦਸ ਕੰਪਨੀਆਂ ਦੀ ਸੰਸਾਰ ਦੇ ਦਵਾਈਆਂ ਦੇ ਕਾਰੋਬਾਰ ’ਤੇ ਸਰਦਾਰੀ ਹੈ ਅਤੇ ਵੱਡੀਆਂ ਕੰਪਨੀਆਂ ਵਿੱਚ ਮਿਲ ਜਾਣ ਨਾਲ ਇਨ੍ਹਾਂ ਦੀ ਗਿਣਤੀ ਵਿੱਚ ਕਮੀ ਹੋਣ ਦੀ ਉਮੀਦ ਹੈ ਕਿਉਂਕਿ ਇਨ੍ਹਾਂ ਵੱਡ ਆਕਾਰੀ ਕੰਪਨੀਆਂ ਨੂੰ ਵੀ ਡਰ ਹੈ ਕਿ ਸੰਸਾਰ ਬਜਾਰ ਵਿੱਚ ਮੁਕਾਬਲੇ ਲਈ ਉਹ ਬਹੁਤ ਹੀ ਛੋਟੇ ਹਨ।

ਦੁਨੀਆ ਦੇ ਠੰਢੇ ਪੇਆਂ (ਕੋਲਡ ਡਰਿੰਕਸ) ਦੇ ਵਪਾਰ ਵਿੱਚ ਕੇਵਲ ਤਿੰਨ ਕੰਪਨੀਆਂ ਦਾ ਬੋਲ ਬਾਲਾ ਹੈ । ਇਸ ਖੇਤਰ ਦੀ ਸੱਭ ਤੋਂ ਛੋਟੀ ਕੰਪਨੀ ਕੈਡਬਰੀ ਸਵੈਪਸ (**Schweppes**) ਪੀ ਐਲ ਸੀ ਨੇ ਆਪਣੇ ਅੰਤਰ ਰਾਸ਼ਟਰੀ ਵਪਾਰ ਦੀ ਹਿੱਸੇਦਾਰੀ ਕੋਕਾ ਕੋਲਾ ਕੰਪਨੀ ਨੂੰ ਜਨਵਰੀ 1999 ਵਿੱਚ ਵੇਚ ਦਿੱਤੀ ਸੀ । ਇਸੇ ਤਰ੍ਹਾਂ ਦੁਨੀਆਂ ਭਰ ਦੀਆਂ ਵਪਾਰਕ ਉਡਾਨਾ ਕੇਵਲ ਦੋ ਕੰਪਨੀਆਂ ਸੰਭਾਲਦੀਆਂ ਹਨ – ਬੋਇੰਗ ਕੰਪਨੀ ਅਤੇ

ਏਅਰਬਸ ਇੰਡਸਟਰੀਜ਼ (21)।

ਵਾਲ ਸਟਰੀਟ ਜਨਰਲ ਵਿੱਚ ਉਪਰੋਕਤ ਤੱਥ ਇੱਕ ਦਹਾਕਾ ਪਹਿਲਾਂ ਛਪੇ ਸਨ ।ਤਦ ਤੋਂ ਨਿਗਮੀਕਰਨ ਦੀ ਤਾਕਤ ’ਤੇ ਫੈਲਾਅ ਦਾ ਅਮਲ ਹੋਰ ਤੇਜ ਹੋ ਗਿਆ ਹੈ । ਹੋਰ ਤਾਜਾ 2005 ਦੀ ਇੱਕ ਰਿਪੋਰਟ ਵੀ ਇਸਦੀ ਪ੍ਰਸਟੀ ਕਰਦੀ ਹੈ । ਅੰਤਰਰਾਸਟਰੀ ਪੱਧਰ ਦੇ ਮੰਨੇ ਪ੍ਰਮੰਨੇ ਨਾਗਰਕ ਸੰਗਠਨ ਈ ਟੀ ਸੀ ਸਮੂਹ ਨੇ ਆਪਣੀ 2005 ਦੀ ਰਿਪੋਰਟ ਵਿੱਚ ਸਿਖਰਲੀਆਂ 10 ਵੱਡੀਆਂ ਕੰਪਨੀਆਂ ਦੀ ਵੱਖ ਵੱਖ ਖੇਤਰਾਂ ਦੇ ਬਜਾਰਾਂ ਵਿੱਚ ਹਿਸੇਦਾਰੀ ਦੀ ਸਮੀਖਿਆ ਕੀਤੀ ਅਤੇ ਹੈਰਾਨੀਜਨਕ ਨਤੀਜੇ ਦਿੱਤੇ ਸਨ ਕਿ (11) ।

- ਸੰਸਾਰ ਦੇ 21,000 **ਮਿਲੀਅਨ ਡਾਲਰ** ਦੇ ਬੀਜਾਂ ਦੇ ਵਪਾਰ ਵਿੱਚ 10 ਵਡੀਆਂ ਕੰਪਨੀਆਂ ਦਾ ਅੱਧੇ ਵਪਾਰ ਉਤੇ ਕਬਜਾ ਹੈ ।

- ਸੰਸਾਰ ਦੇ 29566 **ਮਿਲੀਅਨ ਡਾਲਰ** ਦੇ ਕੀਟਨਾਸ਼ਕਾਂ ਦੇ ਕੁੱਲ ਬਜਾਰ ਵਿਚੋਂ 84% ਹਿੱਸੇ ਉਪਰ ਦਸ ਵੱਡੀਆਂ ਕੰਪਨੀਆਂ ਦਾ ਕਬਜਾ ਹੈ ।

- ਸੰਸਾਰ ਦਾ ਪਸ਼ੂਆਂ ਦੀਆਂ ਦਵਾਈਆਂ ਦਾ ਉਦਯੋਗ 20255 **ਮਿਲੀਅਨ ਡਾਲਰ** ਦਾ ਹੈ , ਜਿਸ ਵਿੱਚ 55% ਹਿੱਸਾ ਦਸ ਵੱਡੀਆਂ ਕੰਪਨੀਆਂ ਦੇ ਕੋਲ ਹੈ ।

- ਜੈਵਿਕ –ਤਕਨੀਕ ਦੇ ਤਿੰਨ ਚੁਥਾਈ (75%) ਸੰਸਾਰੀ ਕਾਰੋਬਾਰ ਉਤੇ ਦੁਨੀਆਂ ਦੀਆਂ ਦਸ ਜੈਵਿਕ – ਤਕਨੀਕ ਕੰਪਨੀਆਂ ਦਾ ਕਬਜਾ ਹੈ ।

ਧਰਤੀ ਉਪਰ ਜੀਵਣ ਦੇ ਟਿਕਾਉ ਲਈ ਜਰੂਰੀ ਵੱਖ ਵੱਖ ਖੇਤਰਾਂ ਵਿੱਚ ਕੁੱਲ ਦੁਨੀਆਂ ਵਿੱਚ ਮੁਠੀ ਭਰ ਕੰਪਨੀਆਂ ਦਾ ਇਸ ਹੱਦ ਤੱਕ ਦਾ ਨਿਯੰਤਰਣ(ਕੰਟਰੋਲ) ਹੋਣਾ ਝੰਜੋੜ ਦੇਣ ਵਾਲਾ ਵਿਸ਼ਾ ਹੈ ।

ਇਹ ਅੰਕੜੇ ਵੀ ਇਨ੍ਹਾਂ ਦਿਉ ਕਦ ਕਾਰਪੋਰੇਟ ਘਰਾਣਿਆਂ ਦੇ ਏਕਾਅਧਿਕਾਰਵਾਦ ਨੂੰ ਪੂਰੀ ਤਰ੍ਹਾਂ ਉਜਾਗਰ ਨਹੀਂ ਕਰਦੇ। ਇਹ ਅੰਕੜੇ ਉਨ੍ਹਾਂ ਕੰਪਨੀਆਂ ਦੀਆਂ, ਪੂਰੀ ਦੁਨੀਆਂ ਦੇ ਬਜਾਰਾਂ ਉਪਰ, ਆਪਣੀ ਜਕੜ ਦੇ ਪਸਾਰੇ ਲਈ ਕੀਤੀਆਂ ਹੋਰ ਗਤੀਵਿਧੀਆਂ ਨੂੰ ਵੀ ਨਹੀਂ ਦਰਸਾਉਂਦੇ।ਭਿੰਨ ਭਿੰਨ ਨੀਤੀਗਤ ਗਠਜੋੜ ਅਤੇ ਬਹੁ ਕੌਮੀ ਕੰਪਨੀਆਂ ਦੀ ਸਾਂਝ ਭਿਆਲੀ ਨੂੰ ਵੀ ਉਜਾਗਰ ਨਹੀਂ ਕਰਦੇ । ਇਨ੍ਹਾਂ ਸੱਭ ਵਿੱਚ ਸ਼ਾਮਲ ਹਨ ਆਪਸੀ ਠੇਕੇਦਾਰੀ ਦੇ ਸਮਝੌਤੇ , ਪ੍ਰਬੰਧਕੀ ਠੇਕੇ , ਟਰਨ ਕੀ ਡੀਲ (ਤਿਆਰ ਮਾਲ ਮਸੌਦੇ ਦੇ ਸਮਝੌਤੇ) ਫਰੈਂਚਾਈਜ਼ਿੰਗ, ਲਾਈਸੈਂਸ ਅਤੇ ਉਤਪਾਦਨ ਵਿੱਚ ਹਿੱਸੇਦਾਰੀ। ਇੱਕ ਅਨੁਮਾਨ ਅਨੁਸਾਰ ਦੁਨੀਆ ਦਾ ਘੱਟ ਤੋਂ ਘੱਟ 40% ਕਾਰੋਬਾਰ ਬਹੁ ਕੌਮੀ ਕੰਪਨੀਆਂ ਦੁਆਰਾ ਦੂਜੇ ਦੇਸਾਂ ਵਿੱਚ ਕਰਵਾਏ ਜਾਂਦੇ ਕੰਮਾ ਨਾਲ ਜੁੜਿਆ ਹੈ । ਇਸ ਅਮਲ ਵਿੱਚ ਉਹ ਆਪਣੇ ਕੰਮ ਦੇ ਕੁੱਝ ਹਿੱਸੇ ਨੂੰ ਜਾਂ ਫਿਰ ਸਾਰੇ ਦਾ ਸਾਰੇ ਕੰਮ ਨੂੰ ਤੀਜੀ ਦੁਨੀਆ ਦੇ ਉਪ- ਠੇਕੇਦਾਰਾਂ ਨੂੰ ਦੇ ਦਿੰਦੇ ਹਨ । ਇਸ ਤਰ੍ਹਾਂ ਦਾ ਢੰਗ ਉਹ ਮਜਦੂਰੀ ਦਾ ਖਰਚ ਘੱਟ ਕਰਨ ਦੇ ਲਈ ਅਪਣਾਉਂਦੇ ਹਨ । ਜਿਵੇਂ ਨਾਇਕ ਸ਼ੂ ਕੰਪਨੀ ਇੱਕ ਵੀ ਜੋੜੀ ਜੁੱਤਾ ਆਪ ਨਹੀਂ ਬਣਾਉਂਦੀ । ਉਹ ਆਪਣਾ ਸਾਰਾ ਉਤਪਾਦਨ ਦਖਣੀ ਕੋਰੀਆ, ਚੀਨ, ਇੰਡੋਨੇਸ਼ੀਆ, ਥਾਈਲੈਂਡ ਅਤੇ ਵੀਅਤਨਾਮ ਵਰਗੇ ਮੁਲਕਾਂ ਦੇ ਆਪਣੇ ਉਪ ਠੇਕੇਦਾਰਾਂ ਦੇ ਜਰੀਏ ਤਿਆਰ ਕਰਵਾਉਂਦੀ ਹੈ ।

ਇੱਕ ਹੋਰ ਹੈਰਾਨ ਕਰਨ ਵਾਲਾ ਅਹਿਮ ਉਦਹਾਰਨ ਹੈ ਮਾਈਕਰੋ ਸਾਫਟ ਦਾ । ਭਾਵੇਂਕਿ ਇਹ ਦੁਨੀਆ ਦੀਆਂ ਸੱਭ ਤੋਂ ਤਾਕਤਵਰ ਕੰਪਨੀਆਂ ਵਿੱਚੋਂ ਇੱਕ ਹੈ ਪਰ ਇਸਦੀਆਂ ਨੀਤੀਗਤ ਸੰਧੀਆਂ ਐਰਿਕਸਨ, ਬ੍ਰਿਟਸ਼ ਟੈਲੀਕਮਿਊਨੀਕੇਸ਼ਨਜ਼, ਟੇਲਮੈਕਸ ਅਤੇ ਇਸੇ ਤਰ੍ਹਾਂ ਦੀਆਂ ਕੁੱਝ ਹੋਰ ਕੰਪਨੀਆਂ ਦੇ ਨਾਲ ਹਨ ।

ਸੰਸਾਰ ਦੀਆਂ ਹਵਾਈ ਸਫਰ ਦੀਆਂ ਪ੍ਰਮੁੱਖ ਕੰਪਨੀਆਂ ਤਾਂ ਇੱਕ ਕਦਮ ਹੋਰ ਅੱਗੇ ਵੱਧ ਗਈਆਂ ਹਨ ਅਤੇ ਉਨ੍ਹਾਂ ਨੇ ਕੁੱਝ ਹੋਰ ਛੋਟੀਆਂ ਵੱਡੀਆਂ ਕੰਪਨੀਆਂ ਦੇ ਨਾਲ ਮਿਲ ਕੇ ਮੁੱਠੀ ਭਰ ਵੱਡੀਆਂ ਸਾਂਝੇਦਾਰੀਆਂ ਬਣਾ ਲਈਆਂ ਹਨ । ਉਨ੍ਹਾਂ ਵਿਚੋਂ ਇੱਕ ਹੈ ਸਟਾਰ ਅਲਾਇੰਸ, ਜਿਸ ਵਿੱਚ ਸ਼ਾਮਲ ਹਨ ਯੁਨਾਈਟਡ ਏਅਰਲਾਈਨਜ਼ , ਕੰਟੀਨੈਂਟਲ ਏਅਰਲਾਈਨਜ਼ ਅਤੇ ਯੂ ਐਸ ਏਅਰਵੇਜ਼ (ਸਾਰੀਆਂ ਹੀ ਅਮਰੀਕੀ ਕੰਪਨੀਆਂ ਹਨ)। ਏਅਰ ਕਨੇਡਾ (ਕੈਨੇਡਾ) , ਬੀ ਐਮ ਆਈ (ਬ੍ਰਿਟੇਨ), ਲੁਫਤਾਂਸਾ (ਜਰਮਨੀ) ; ਬ੍ਰੂਸੈਲਸ ਏਅਰਲਾਈਨਜ਼ (ਬੈਲਜੀਅਮ) , ਸਵਿਸ (ਸਵਿਟਰਜ਼ਲੈਂਡ) , ਆਸ਼ਟਰੀਅਨ (ਆਸ਼ਟਰੀਆ), ਸਪਾਨਏਅਰ (ਸਪੇਨ), ਟੈਪ ਪੁਰਤਗਾਲ (ਪੁਰਤਗਾਲ),ਲਾਟ ਪੋਲਿਸ਼ ਏਅਰਲਾਈਨਜ਼(ਪੋਲੈਂਡ), ਕਰੋਸ਼ੀਆ ਏਅਰਲਾਈਨਜ਼ (ਕਰੋਸ਼ੀਆ), ਅਡਿਰਾ (ਸਲੋਵੇਨੀਆ) , ਐਸ ਏ ਐਸ (ਸਕੈਂਡੇਨੇਵੀਆ), ਬਲਿਊ 1(ਫਿਨਲੈਂਡ) ਏਜੀਅਨ (ਯੂਨਾਨ), ਟਰਕੀ ਏਅਰਲਾਈਨਜ਼ (ਤੁਰਕੀ) , ਐਜਿਪਟੇਅਰ (ਮਿਸਰ), ਥਾਈ (ਥਾਈਲੈਂਡ) ਸਿੰਘਾਪੁਰ ਏਅਰਲਾਈਨਜ਼ (ਸਿੰਘਾਪੁਰ), ਏਅਰ ਨਿਊਜ਼ੀਲੈਂਡ (ਨਿਊਜੀਲੈਂਡ), ਸਾਊਥ ਅਫਰੀਕਨ ਏਅਰਵੇਜ਼ (ਦਖਣੀ ਅਫਰੀਕਾ), ਏ ਐਨ ਏ (ਜਪਾਨ), ਏਸ਼ੀਆਨਾ ਏਅਰਲਾਈਨਜ਼ (ਕੋਰੀਆ) ਅਤੇ ਏਅਰ ਚਾਈਨਾ (ਚੀਨ)

ਇਹ ਹਵਾਈ ਸਫਰ ਕੰਪਨੀਆਂ ਉੱਚ ਪੱਧਰੀ ਮੁਨਾਫੇ ਲਈ ਆਪਣੇ ਜਹਾਜਾਂ , ਖਾਣਪਾਨ, ਸਿਖਲਾਈ, ਰੱਖ-ਰਖਾਓ ਅਤੇ ਇੱਥੋਂ ਤੱਕ ਕਿ ਜਹਾਜਾਂ ਦੀ ਖਰੀਦ ਦੀਆਂ ਗਤੀਵਿਧੀਆਂ ਵਿੱਚ ਵੀ ਸਹਿਯੋਗ ਕਰਦੀਆਂ ਹਨ ਤਾਕਿ ਖਰਚੇ ਘੱਟ ਹੋਣ। ਇਨ੍ਹਾਂ ਦਾ ਵਿਹਾਰਕ ਨਤੀਜਾ ਇਹੀ ਹੈ ਕਿ ਸੰਸਾਰ ਪੱਧਰੀ ਹਵਾਈ ਜਹਾਜਾਂ ਦਾ ਬੇੜਾ ਜੋ ਕਿ ਇੱਕੋ ਇੱਕ ਹਾਵੀ ਅਮਰੀਕਨ ਕੰਪਨੀ ਯੂ ਐਸ ਏਅਰਲਾਈਨਜ਼ ਦੀ ਅਗਵਾਈ ਵਿੱਚ ਕੰਮ ਕਰਦਾ ਹੈ (21) ।

ਇਸ ਤਰ੍ਹਾਂ ਜਾਂ ਹੋਰ ਤਰੀਕਿਆਂ ਨਾਲ, ਬਹੁ ਕੌਮੀ ਕੰਪਨੀਆਂ ਦਾ ਤੇਜੀ ਨਾਲ ਵਿਸਥਾਰ ਇੱਕ ਵਧੇਰੇ ਕੇਂਦਰਿਤ ਸੰਸਾਰ ਪੱਧਰੀ ਅਰਥਵਿਵਸਥਾ ਬਣ ਰਿਹਾ ਹੈ। ਫਾਰਚੂਨ ਪਤ੍ਰਿਕਾ ਦੇ ਮੁਤਾਬਕ ਇਨ੍ਹਾਂ 500 ਦਿਉ ਕੱਦ ਕੰਪਨੀਆਂ ਦੀ ਦੁਨੀਆ ਦੀ ਅਰਥਵਿਵਸਥਾ ਚਲਾਉਣ ਵਿੱਚ, ਅਸਲੀ ਤਾਕਤ ਦਾ ਅੰਦਾਜਾ, ਉਨ੍ਹਾਂ ਦੀ ਸਲਾਨਾ ਆਮਦਨ ਤੋਂ ਲਗਾਇਆ ਜਾ ਸੱਕਦਾ ਹੈ । ਇਨ੍ਹਾਂ ਵੱਡੀਆਂ ਕਾਰਪੋਰੇਸ਼ਨਾਂ ਦੀ ਸਲਾਨਾ ਆਮਦਨ, ਦੁਨੀਆ ਦੇ ਕੁੱਲ ਘਰੇਲੂ ਉਤਪਾਦਨ (**GDP**) ਦਾ ਕਰੀਬ 35 ਤੋਂ 40 % ਬਣਦਾ ਹੈ । ਕਿੰਨਾ ਵਿਸ਼ਾਲ ਹਿੱਸਾ ਹੈ ਇਨ੍ਹਾਂ ਦਾ !

ਹੁਣੇ ਹੋਇਆ ਇੱਕ ਤਾਜਾ ਅਧਿਅਨ ਇਨ੍ਹਾਂ ਦੇ ਜਾਲਮ ਪੰਜੇ ਨੂੰ ਹੋਰ ਵਧੇਰੇ ਸਪਸ਼ਟ ਕਰਦਾ ਹੈ ਜਿਸ ਰਾਹੀਂ ਸੰਸਾਰ ਦੀਆਂ ਸੱਭ ਤੋਂ ਵੱਡੀਆਂ ਬਹੁ ਕੌਮੀ ਕੰਪਨੀਆਂ ਨੇ ਸੰਸਾਰ ਅਰਥਵਿਵਸਥਾ ਨੂੰ ਜਕੜ ਲਿਆ ਹੈ । ਸੰਸਾਰ ਵਿੱਚ 63,000 ਤੋਂ ਜਿਆਦਾ ਬਹੁ ਕੌਮੀ ਕੰਪਨੀਆਂ ਹਨ (2003 ਦੇ ਅੰਕੜਿਆਂ ਦੇ ਮੁਤਾਬਕ) ਪਰ ਜਿਊਰਿਖ ਵਿੱਚ ਸਵਿਸ ਸੰਘ ਤਕਨੀਕੀ ਸੰਸਥਾਨ (ਫੈਡਰਲ ਇੰਨਸਟੀਟਿਊਟ ਆਫ ਟੈਕਨਾਲੋਜੀ) ਨੇ 43,000 ਵੱਡੀਆਂ ਐਮ ਐਨ ਸੀਜ਼ ਦੇ ਆਪਸੀ ਸੰਬੰਧਾਂ ਦਾ ਅਧਿਅਨ ਕੀਤਾ। ਇਸ ਅਧਿਅਨ ਵਿੱਚ ਪਤਾ

ਲੱਗਿਆ ਕਿ ਇਨ੍ਹਾਂ ਦੀ ਮਾਲਕੀ ਦਾ ਅੰਦਰ ਖਾਤੇ ਇੱਕ ਜਾਲ ਹੈ ਜਿਸ ਉਪਰ ਇਨ੍ਹਾਂ ਵਿੱਚੋਂ ਸੱਭ ਤੋਂ ਮਹੱਤਵਪੂਰਨ 1318 ਵੱਡੇ ਵੱਡੇ ਕਾਰਪੋਰੇਟ ਘਰਾਣਿਆਂ ਦਾ ਕੰਟਰੋਲ ਹੈ। ਇਨ੍ਹਾਂ 1318 ਘਰਾਣਿਆ ਦਾ ਸੰਸਾਰ ਦੀ ਚਲੰਤ ਪੂੰਜੀ ਵਿੱਚ 20% ਹਿੱਸਾ ਹੈ। ਪਰ ਉਹ ਸ਼ੇਅਰਾਂ ਦੇ ਰਾਹੀਂ, ਮਿਲਕੇ ਦੁਨੀਆ ਦੀਆਂ ਵਡੀਆਂ ਬਲਿਊ ਚਿੱਪ ਅਤੇ ਹੋਰ ਉਤਪਾਦਕ ਫਰਮਾਂ ਦੇ ਮਾਲਕ ਹਨ ਅਤੇ ਇਸ ਤਰ੍ਹਾਂ ਉਹ ਦੁਨੀਆ ਦੀ ਚਲੰਤ ਪੂੰਜੀ ਦੇ ਅਗਲੇ 60% ਹਿੱਸੇ ਤੇ ਵੀ ਕਾਬਜ ਹਨ (17) ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੇਵਲ ਮੁੱਠੀ ਭਰ ਕਾਰਪੋਰੇਟ ਘਰਾਣੇ ਧਰਤੀ ਨਾਮੀ ਇਸ ਗ੍ਰਹਿ ਦੀ ਅਰਥ ਵਿਵਸਥਾ ਉਪਰ ਆਪਣੀ ਜਕੜ ਵਧਾਉਂਦੇ ਜਾ ਰਹੇ ਹਨ, ਜਿਸ ਨਾਲ ਭਵਿਖ ਵਿੱਚ ਬਹੁਤ ਹੈਰਾਨ ਕਰਨ ਵਾਲੇ ਤੇ ਭਿਆਨਕ ਨਤੀਜੇ ਨਿਕਲਣਗੇ ।

ਬਹੁ ਕੌਮੀ ਕੰਪਨੀਆਂ ਅਤੇ ਮੁਕਾਬਲਾ

ਮਹਿਜ ਥੋੜ੍ਹੀਆਂ ਜਿਹੀਆਂ ਦਿਉ ਕੱਦ ਕੰਪਨੀਆਂ ਦੀ ਸੰਸਾਰ ਅਰਥਵਿਵਸਥਾ ਦੇ ਹਰੇਕ ਖੇਤਰ ਦੇ ਉਤਪਾਦਨ ਵਿੱਚ, ਸਰਦਾਰੀ ਦੇ ਨਾਲ , ਇੱਕ ਦੂਜੇ ਅਹਿਮ ਅਮਲ ਨੇ, ਸੰਸਾਰ ਅਰਥਵਿਵਸਥਾ ਦੇ ਕੰਮ ਕਾਜ ਵਿੱਚ ਜਗਾਹ ਬਣਾ ਲਈ ਹੈ । ਇਸ ਵਿੱਚ ਭਾਰੀ-ਭਰਕਮ ਇਨ੍ਹਾਂ ਕੰਪਨੀਆਂ ਦੇ ਵਿਚਕਾਰ ਕੀਮਤਾਂ ਨੂੰ ਲੈ ਕੇ ਗੰਢ - ਤੁੱਪ ਦੀ ਸੰਭਾਵਨਾ ਹੈ ।

ਇਹ ਸਮਝਣ ਦੀ ਲੋੜ ਹੈ ਕਿ ਰਵਾਇਤੀ ਅਰਥ ਸ਼ਾਸਤਰ ਦੇ ਸਿਧਾਂਤਾਂ ਵਿੱਚ ਕੰਪਨੀਆਂ ਦੇ ਵਿਚਕਾਰ ਮੁਕਾਬਲਾ ਇਸ ਧਾਰਣਾ ਜਾਂ ਮਨੌਤ ਤੇ ਨਿਰਭਰ ਹੈ ਕਿ ਬਜਾਰ ਵਿੱਚ ਵੱਡੀ ਗਿਣਤੀ ਵਿੱਚ ਛੋਟੇ ਕਾਰੋਬਾਰੀਆਂ ਦੀ ਮੌਜੂਦਗੀ ਹੋਵੇਗੀ। ਇਨ੍ਹਾਂ ਵਿੱਚੋਂ ਕਿਸੇ ਦੇ ਕੋਲ ਵੀ, ਕੀਮਤ, ਉਤਪਾਦਨ ਜਾਂ ਨਿਵੇਸ਼ ਉਤੇ ਕੋਈ ਤਾਕਤ ਨਹੀਂ ਹੁੰਦੀ , ਇਹ ਸੱਭ ਬਜ਼ਾਰ ਦੁਆਰਾ ਤਹਿ ਹੁੰਦੇ ਹਨ ।

ਬਹੁ ਕੌਮੀ ਕਾਰਪੋਰੇਸ਼ਨਾਂ ਦੀ ਆਮਦ ਨੇ ਇਸ ਮਹੌਲ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ । ਭਾਰੀ ਭਰਕਮ ਕਾਰਪੋਰੇਟ ਘਰਾਣਿਆਂ ਦਾ ਹਿੱਸਾ ਇੱਕ ਉਦਯੋਗ ਜਾਂ ਕਈ ਉਦਯੋਗਾਂ ਦੇ ਉਤਪਾਦਨ ਦਾ ਵੱਡਾ ਭਾਗ ਹੁੰਦਾ ਹੈ ।ਇਸ ਲਈ ਉਹ ਉਤਪਾਦਾਂ ਦੀ ਮਾਤਰਾ, ਉਨ੍ਹਾਂ ਦੀ ਕਿਸਮ, ਉਨ੍ਹਾਂ ਦੀ ਕੀਮਤ ਅਤੇ ਆਪਣੇ ਨਿਵੇਸ਼ ਉਪਰ ਕੰਟਰੋਲ ਕਰਨ ਦੇ ਸਮਰੱਥ ਹੋ ਜਾਂਦੇ ਹਨ । ਇਸ ਲਈ ਕਲਾਸਾਂ ਵਿੱਚ ਅਰਥ ਸ਼ਾਸਤਰ ਦੀਆਂ ਪਾਠ ਪੁਸਤਕਾਂ ਵਿੱਚ ਬੇਸ਼ੱਕ ਅਰਥ ਸ਼ਾਸਤਰ ਦੇ ਉਹੀ ਪੁਰਾਣੇ ਸ਼ਾਸ਼ਤਰੀ ਸਿਧਾਂਤ ਪੜ੍ਹਾਏ ਜਾਂਦੇ ਹੋਣ ਪ੍ਰੰਤੂ ਬਹੁ ਕੌਮੀ ਕੰਪਨੀਆਂ ਦੇ ਅਰਥ ਸ਼ਾਸ਼ਤਰ ਨੂੰ ਸਮਝਣ ਦੇ ਲਈ ਇਹ ਸਿਧਾਂਤ ਹੁਣ ਕਾਰਗਾਰ ਨਹੀਂ ਰਹੇ (56) ।

ਕਿਉਂਕਿ ਬਹੁ ਕੌਮੀ ਕੰਪਨੀਆਂ ਦਿਉ ਕੱਦ ਅਤੇ ਬੇਸ਼ੁਮਾਰ ਵਿੱਤੀ ਸ਼ਕਤੀਆਂ ਵਾਲੀਆਂ ਹੁੰਦੀਆਂ ਹਨ । ਅਜਿਹੇ ਵਿੱਚ ਉਹ ਜੇਕਰ ਕੀਮਤਾਂ ਦੇ ਮੁਕਾਬਲੇ ਵਿੱਚ ਪੈਣਗੀਆਂ ਤਾਂ ਇਸਦਾ ਨਤੀਜਾ ਉਨ੍ਹਾਂ ਦੇ ਲਈ ਇੰਨਾ ਤਬਾਹਕੁਨ ਹੋਵੇਗਾ ਕਿ ਜਿੱਤਣ ਵਾਲਾ ਵੀ ਕਾਫੀ ਕਮਜੋਰ ਹੋ ਜਾਵੇਗਾ । ਇਸ ਲਈ ਉਹ ਕੀਮਤਾਂ ਬਾਬਤ ਝਗੜਾ ਕਰਨ ਦੀ ਬਜਾਏ, ਕੀਮਤਾਂ ਉਪਰ ਗੰਢ - ਤੁੱਪ ਕਰਨਗੀਆਂ। ਜੇਕਰ ਉਹ ਕੀਮਤਾਂ ਉਚੀਆਂ ਰੱਕਣ ਲਈ, ਗੰਢ - ਤੁੱਪ ਨਾਲ ਕੀਮਤਾਂ ਤਹਿ ਕਰਨਗੀਆਂ ਤਾਂ ਉਹ ਕੀਮਤਾਂ ਘੱਟ ਕਿਉਂ ਰੱਖਣਗੀਆਂ ? ਅਰਥਾਤ ਉਹ ਵਸਤੂਆਂ ਦੀਆਂ ਕੀਮਤਾਂ ਉਸ ਪੱਧਰ ਤੱਕ ਉਚੀਆਂ ਰੱਖਣਗੀਆਂ, ਜਿਸ ਉਪਰ ਉਨ੍ਹਾਂ ਨੂੰ ਵੱਧ ਤੋਂ ਵੱਧ ਮੁਨਾਫਾ ਮਿਲੇ (57)। ਇਸਦਾ ਮਤਲਬ ਇਹ ਵੀ ਹੈ ਕਿ ਜੇਕਰ ਲੋੜ ਪਵੇ ਤਾਂ ਉਹ ਕੀਮਤਾਂ ਘਟਾ ਵੀ ਸੱਕਦੀਆਂ ਹਨ

ਜਿਵੇਂ ਕਿ ਅਸੀਂ ਅਗੇ ਵੇਖਾਂਗੇ । ਕਦੀ ਕਦੀ ਉਹ ਅਜਿਹਾ, ਛੋਟੇ ਜਾਂ ਗਭਲੇ ਉਤਪਾਦਕਾਂ ਨੂੰ ਬਰਬਾਦ ਕਰਨ ਦੇ ਲਈ ਕਰਦੀਆਂ ਹਨ ਅਤੇ ਬਾਅਦ ਵਿੱਚ ਮੁੜ ਕੀਮਤਾਂ ਵਧਾ ਦਿੰਦੀਆਂ ਹਨ ।

ਇਸਦਾ ਇਹ ਮਤਲਬ ਨਹੀ ਕਿ ਬਹੁ ਕੌਮੀ ਕੰਪਨੀਆਂ ਵਿੱਚ ਮੁਕਾਬਲਾ ਖਤਮ ਹੋ ਗਿਆ। ਗਲ-ਵੱਢ ਮੁਕਾਬਲਾ ਤਾਂ ਸਦਾ ਦੀ ਤਰ੍ਹਾਂ ਹੀ ਹੈ, ਬੱਸ ਅੰਤਰ ਇਤਨਾ ਹੈ ਕਿ ਹੁਣ ਉਨ੍ਹਾਂ ਦਾ ਰੂਪ ਬਦਲ ਗਿਆ ਹੋਵੇਗਾ। ਹੁਣ ਉਹ ਇੱਕ ਦੂਜੇ ਨਾਲ ਮੁਕਾਬਲਾ ਕਰਦੀਆਂ ਹਨ ਆਪਣੇ ਬਣੇ ਸਮਾਨ ਦੀ ਲਾਗਤ ਘਟਾਉਣ ਲਈ । ਸ੍ਰੋਤਾਂ ਉਪਰ ਕੰਟਰੋਲ ਕਰਕੇ, ਬਜਾਰਾਂ ਵਿੱਚ ਆਪਣੀ ਭਾਗੀਦਾਰੀ ਵਧਾਉਣ ਲਈ ਵਸਤੂਆਂ ਦੀਆਂ ਨਵੀਂਆਂ ਨਵੀਂਆਂ ਕਿਸਮਾਂ ਦੇ ਉਤਪਾਦਨ ਕਰਕੇ ਅਤੇ ਵਿਗਿਆਪਨਾਂ ਦੇ ਜਰੀਏ ।

4. ਛੋਟੇ ਕਾਰੋਬਾਰੀਆਂ ਉਪਰ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਦੇ ਪ੍ਰਭਾਵ

ਹੋਰ ਸਾਰੇ ਖੇਤਰਾਂ ਦੀ ਤਰ੍ਹਾਂ ਹੀ ਪ੍ਰਚੂਨ ਖੇਤਰ ਵਿੱਚ ਵੀ ਕੇਂਦਰੀਕਰਨ ਤੇਜੀ ਨਾਲ ਹੋ ਰਿਹਾ ਹੈ। ਦੁਨੀਆਂ ਵਿੱਚ ਪ੍ਰਚੂਨ ਬਜਾਰ ਦੇ ਸਮਾਨ ਉਪਰ ਮੁੱਠੀ ਭਰ ਤਾਕਤਵਰ ਕਾਰਪੋਰੇਟ ਘਰਾਣਿਆਂ ਦਾ ਕਬਜਾ ਹੈ , ਜਿਵੇਂ ਵਾਲ ਮਾਰਟ , ਟੈਸਕੋ, ਕੈਰੇਫੋਰ ਅਤੇ ਮੇਟਰੋ ਦਾ । ਇਨ੍ਹਾਂ ਦੇ ਮੁੱਖ ਦਫਤਰ ਅਮਰੀਕਾ ਜਾਂ ਪੱਛਮੀ ਯੂਰਪੀ ਦੇਸ਼ਾਂ ਵਿੱਚ ਹਨ। ਇਹ ਕਾਰਪੋਰੇਟ ਘਰਾਣੇ ਆਕਾਰ ਵਿੱਚ ਇਤਨੇ ਵੱਡੇ ਹਨ ਕਿ ਸਾਡੀ ਕਲਪਨਾ ਤੋਂ ਵੀ ਪਰੇ ਹਨ। ਸਾਲ 2009-10 ਵਿੱਚ ਸੰਸਾਰ ਦੇ ਪ੍ਰਚੂਨ ਖੇਤਰ ਦੇ ਸੱਭ ਤੋਂ ਵੱਡੇ ਕਾਰੋਬਾਰੀ, ਵਾਲਮਾਰਟ ਨੇ 405 ਬਿਲੀਅਨ ਡਾਲਰ ਦੀ ਵਿੱਕਰੀ ਕੀਤੀ ਸੀ । ਇਸ ਦੇ ਇਲਾਵਾ ਹੋਰ ਦਿਉ ਕੱਦ ਘਰਾਣਿਆਂ ਵਿੱਚ, ਫਰਾਂਸ ਦੇ ਕੈਰੇਫੋਰ ਨੇ ਸਲਾਨਾ ਕਾਰੋਬਾਰ 163.8 ਬਿਲੀਅਨ ਡਾਲਰ ਦਾ ਕੀਤਾ ਸੀ । ਜਰਮਨੀ ਦੇ ਮੈਟਰੋ ਨੇ 91.4 ਬਿਲੀਅਨ ਡਾਲਰ ਦਾ ਅਤੇ ਬ੍ਰਿਟੇਨ ਦੇ ਟੈਸਕੋ ਨੇ 90.1 ਬਿਲੀਅਨ ਡਾਲਰ ਦਾ ਕਾਰੋਬਾਰ ਕੀਤਾ ਸੀ (19)। ਇਨ੍ਹਾਂ ਅੰਕੜਿਆਂ ਦਾ ਮਤਲਬ ਇਹ ਹੋਇਆ ਕਿ ਇਕੱਲੇ ਵਾਲਮਾਰਟ ਨੇ, ਪੂਰੇ ਭਾਰਤ ਦੀਆਂ 1.5 ਕਰੋੜ ਪ੍ਰਚੂਨ ਦੁਕਾਨਾਂ ਵੱਲੋਂ ਮਿਲ ਕੇ ਵੇਚੇ ਮਾਲ ਤੋਂ ਵੀ ਵੱਧ ਮਾਲ ਵੇਚਿਆ । ਸਪਸ਼ਟ ਹੈ ਕਿ ਜਦ ਅਜਿਹੇ ਦਿਉ ਕੱਦ ਘਰਾਣਿਆਂ ਨੂੰ ਭਾਰਤ ਦੇ ਪ੍ਰਚੂਨ ਖੇਤਰ ਵਿੱਚ ਘੁਸਣ ਦੀ ਇਜਾਜਤ ਦੇ ਦਿੱਤੀ ਜਾਂਦੀ ਹੈ ਤਾਂ ਇੱਥੋਂ ਦੇ ਛੋਟੇ ਛੋਟੇ ਪ੍ਰਚੂਨ ਵਪਾਰੀ ਤਾਂ ਉਨ੍ਹਾਂ ਦਾ ਬਿਲਕੁਲ ਵੀ ਮੁਕਾਬਲਾ ਨਹੀਂ ਕਰ ਸੱਕਣਗੇ ਅਤੇ ਬਰਬਾਦ ਹੋ ਜਾਣਗੇ । ਜਦਕਿ ਭਾਰਤੀ ਕਾਰਪੋਰੇਟ ਪ੍ਰਚੂਨ ਵਪਾਰੀ ਇਨ੍ਹਾਂ ਦਿਉ ਕੱਦ ਪਰਚੂਨ ਵਪਾਰੀਆਂ ਨਾਲ ਸਾਂਝ ਭਿਆਲੀ ਪਾ ਲੈਣਗੇ ਤੇ ਉਨ੍ਹਾਂ ਦੇ ਨੀਚੇ ਕੰਮ ਕਰਨ ਵਾਲੇ ਛੋਟੇ ਭਾਈਵਾਲ ਬਣ ਜਾਣਗੇ । ਕੁੱਝ ਹੀ ਸਾਲਾਂ ਵਿੱਚ ਭਾਰਤ ਦਾ ਜਿਉਂਦਾ ਜਾਗਦਾ ਪ੍ਰਚੂਨ ਖੇਤਰ ਥੋੜ੍ਹੇ ਜਿਹੇ ਦਿਉ ਕੱਦ ਪ੍ਰਚੂਨ ਵਿਕਰੇਤਾਵਾਂ ਦੇ ਅਧੀਨ ਹੋ ਜਾਵੇਗਾ।

ਇਨਾਂ ਦਿਉ ਕੱਦ ਵਪਾਰਕ ਘਰਾਣਿਆਂ ਦਾ ਕੰਮ ਕਰਨ ਦਾ ਤਰੀਕਾ ਬੜਾ ਸਰਲ ਹੈ। ਆਪਣੇ ਆਕਾਰ ਤੇ ਵਿਤੀ ਤਾਕਤ ਦੇ ਬਲ ਬੂਤੇ ਵਾਲਮਾਰਟ ਵਰਗੇ ਭਾਰੀ ਭਰਕਮ ਪ੍ਰਚੂਨ ਵਪਾਰੀ ਸੰਸਾਰ ਪੱਧਰ 'ਤੇ ਘੱਟ ਲਾਗਤ ਨਾਲ ਉਤਪਾਦਨ ਕਰਨ ਵਾਲੇ ਉਤਪਾਦਕਾਂ ਤੋਂ ਜਿਵੇਂ ਕਿ ਚੀਨ ਤੋਂ ਮਾਲ ਲੈਣ ਦੇ ਸਮਰੱਥ ਹਨ । ਦਰਅਸਲ ਵਾਲ ਮਾਰਟ ਚੀਨ ਤੋਂ ਹਰ ਸਾਲ ਅਰਬਾਂ ਡਾਲਰਾਂ ਦਾ ਮਾਲ ਖ੍ਰੀਦਦਾ ਹੈ। ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਦੇ ਮੁਤਾਬਕ ਵਾਲਮਾਰਟ ਦੀਆਂ ਸੰਸਾਰ ਭਰ ਦੇ 6000 ਸ਼ਪਲਾਈ ਕਰਤਾ ਕਾਰਖਾਨਿਆਂ ਦੀ ਸੂਚੀ ਵਿੱਚ 80% ਚੀਨ ਦੇ ਹਨ (20)। ਜਿਥੋਂ ਤੱਕ ਖੇਤੀ ਦੀ ਪੈਦਾਵਾਰ ਦਾ ਸੰਬੰਧ ਹੈ, ਉਹ ਇਸ ਨੂੰ ਸਿੱਧੇ ਹੀ ਭਾਰਤੀ ਕਿਸਾਨਾਂ ਕੋਲੋਂ ਖ੍ਰੀਦ ਸਕਣਗੇ । ਕਿਉਂਕਿ ਭਾਰਤ ਸਰਕਾਰ ਨੇ ਏ ਪੀ ਐਮ ਸੀ (**APMC**) ਨਿਯਮਾਂ ਵਿੱਚ ਤਰਮੀਮ ਕਰਕੇ ਅਜਿਹੀ ਇਜਾਜਤ ਦੇ ਦਿੱਤੀ ਹੈ। ਇਸ ਕਾਰਨ ਉਹ ਆਪਣੇ ਉਤਪਾਦਾਂ ਨੂੰ ਛੋਟੇ ਵਪਾਰੀਆਂ ਦੇ ਮੁਕਾਬਲੇ

ਵਿੱਚ ਘੱਟ ਕੀਮਤ ਤੇ ਵੇਚ ਸਕਣਗੇ। ਜੇਕਰ ਜਰੂਰਤ ਪਈ ਤਾਂ ਬੇਅੰਤ ਪੈਸੇ ਵਾਲੀ ਵਾਲਮਾਰਟ ਤੇ ਉਸ ਵਰਗੀਆਂ ਹੋਰ ਬਹੁ ਕੌਮੀ ਕੰਪਨੀਆਂ ਕੁੱਝ ਸਾਲਾਂ ਤੱਕ ਘਾਟਾ ਖਾ ਕੇ ਵੀ ਸਸਤੀਆਂ ਕੀਮਤਾਂ 'ਤੇ ਮਾਲ ਵੇਚਣਾ ਉਦੋਂ ਤੱਕ ਜਾਰੀ ਰੱਖਣਗੀਆਂ ਜਦੋਂ ਤੱਕ ਕਿ ਛੋਟੇ ਅਤੇ ਵਿਚਕਾਰਲੇ ਦਰਜੇ ਦੇ ਪ੍ਰਚੂਨ ਵਪਾਰੀ ਘਾਟਾ ਬਰਦਾਸ਼ਤ ਨਾ ਕਰ ਸੱਕਨ ਕਰਕੇ ਬਜਾਰ ਵਿੱਚੋਂ ਪੂਰੀ ਤਰ੍ਹਾਂ ਬਾਹਰ ਨਹੀਂ ਹੋ ਜਾਂਦੇ। ਨਾ ਕੇਵਲ ਕਰਿਆਨੇ ਵਾਲੇ ਜਾਂ ਰੇਹੜੀ ਵਾਲੇ, ਆਪਣੇ ਕੰਮ ਤੋਂ ਤੋਬਾ ਕਰਨ ਲਈ ਮਜਬੂਰ ਹੋ ਜਾਣਗੇ, ਬਲਕਿ ਥੋਕ ਵਿਕਰੇਤਾਵਾਂ (**Wholesalers**) 'ਤੇ ਵਿਤਰਣ ਕਰਤਿਆਂ (**Distributers**) ਦਾ ਵੀ ਪੂਰਾ ਤਾਣਾ ਬਾਣਾ ਬਿਖਰ ਜਾਏਗਾ ।

ਵਿਕਸਿਤ ਦੇਸ਼ਾਂ ਵਿੱਚ ਛੋਟੇ ਪ੍ਰਚੂਨ ਵਪਾਰ ਦੀ ਤਬਾਹੀ

ਕਾਰਪੋਰੇਟ ਜੁੰਡਲੀ ਇਹ ਰਟ ਲਗਾਉਂਦੀ ਆ ਰਹੀ ਹੈ ਕਿ ਛੋਟੀਆਂ ਦੁਕਾਨਾਂ ਅਤੇ ਸੁਪਰ ਬਜਾਰ /ਉਚ ਬਜਾਰ, ਦੋਵੇਂ ਨਾਲ ਨਾਲ ਰਾਜੀ ਖੁਸ਼ੀ ਚੱਲ ਸੱਕਦੇ ਹਨ। ਦਰ ਅਸਲ ਉਹ ਝੂਠ ਬੋਲ ਰਹੇ ਹਨ । ਅਜਿਹਾ ਦੁਨੀਆਂ ਦੇ ਕਿਸੇ ਕੋਨੇ ਵਿੱਚ ਨਹੀਂ ਹੋਇਆ। ਵਿਕਸਿਤ ਮੁਲਕਾਂ ਦੇ ਪ੍ਰਚੂਨ ਬਜਾਰ ਵਿੱਚੋਂ ਛੋਟੇ ਉਦਮੀਆਂ ਦਾ ਸਫਾਇਆ ਹੋ ਗਿਆ ਹੈ। ਅਮਰੀਕਾ ਵਿੱਚ 1992 ਤੋਂ 2007 ਤੱਕ ਦੇ 15 ਸਾਲਾਂ ਦੌਰਾਨ ਚਾਰ ਵੱਡੀਆਂ ਫਰਮਾਂ ਦਾ ਪ੍ਰਚੂਨ ਬਜਾਰ ਦੇ ਪੰਜ ਅਹਿਮ ਖੇਤਰਾਂ ਵਿੱਚ ਹਿੱਸਾ, ਬਹੁਤ ਤੇਜੀ ਨਾਲ ਵੱਧਿਆ ਹੈ ਜੋ ਕਿ ਹੇਠਾਂ ਦਿੱਤੀ ਸਾਰਣੀ ਤੋਂ ਸਪਸ਼ਟ ਹੁੰਦਾ ਹੈ ।

ਸਾਰਣੀ –1

ਅਮਰੀਕਾ ਦੀਆਂ ਚਾਰ ਵੱਡੀਆਂ ਕੰਪਨੀਆਂ ਦੀ ਪ੍ਰਚੂਨ ਵਪਾਰ ਵਿੱਚ ਹਿੱਸੇਦਾਰੀ (%)

ਪ੍ਰਚੂਨ ਖੇਤਰ	1992	2007
ਖਾਣ ਪੀਣ ਦੇ ਸਟੋਰ	15.4	27.7
ਸਿਹਤ ਅਤੇ ਵਿਅਕਤੀਗਤ ਦੇਖ ਭਾਲ ਦੇ ਸਟੋਰ	24.7	54.4
ਜਨਰਲ ਸਟੋਰ	47.3	73.2
ਕਿਤਾਬਾਂ ਦੀਆਂ ਦੁਕਾਨਾਂ	41.3	71.0
ਕੰਪਿਊਟਰ ਅਤੇ ਸਾਫਟਵੇਅਰ ਸਟੋਰ	26.2	73.1

ਸਪਸ਼ਟ ਹੈ ਕਿ ਵੱਡੀਆਂ ਪ੍ਰਚੂਨ ਸ਼ਪਲਾਈ ਕੜੀਆਂ ਦੀ ਸਰਦਾਰੀ, ਛੋਟੇ ਪ੍ਰਚੂਨ ਵਪਾਰੀਆਂ ਦੀ ਕੀਮਤ ਤੇ ਹੋਈ ਹੈ।ਰਾਬਰਟ ਰੀਚ (ਬਿਲ ਕਲਿੰਟਨ ਸਰਕਾਰ ਵਿੱਚ ਰਹਿ ਚੁੱਕੇ ਕਿਰਤ ਮੰਤਰੀ) ਇਸ ਵੱਡੇ ਪ੍ਰਚੂਨ ਵਪਾਰ ਦੇ ਵਧਣ-ਫੁੱਲਣ ਦੇ ਪ੍ਰਭਾਵ ਦਾ ਕੁੱਝ ਇਸ ਤਰ੍ਹਾਂ ਵਿਸ਼ਲੇਸ਼ਣ ਕਰਦੇ ਹਨ: ਵਾਲਮਾਰਟ ਛੋਟੇ ਪ੍ਰਚੂਨ ਵਿਕਰੇਤਾਵਾਂ ਤੋਂ ਬਿਜ਼ਨਸ ਚੂਸ ਕੇ ਮੁੱਖ ਸੜਕਾਂ ਨੂੰ ਭੂਤ-ਨਗਰੀਆਂ ਵਿੱਚ ਬਦਲ ਦਿੰਦਾ ਹੈ (26) । ਅਮਰੀਕਾ ਦੇ ਇਓਵਾ ਸਟੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਕੈਨਥ ਸਟੋਨ ਵੱਲੋਂ ਕੀਤੇ ਗਏ ਇੱਕ ਅਧਿਅਨ ਵਿੱਚ ਪਾਇਆ

ਗਿਆ ਕਿ ਛੋਟੇ ਨਗਰਾਂ ਦੇ ਨੇੜੇ ਵਾਲਮਾਰਟ ਦੇ ਸਟੋਰਜ਼ ਖੁਲ੍ਹਣ ਦੇ 10 ਸਾਲ ਬਾਅਦ ਉਨ੍ਹਾਂ ਦਾ ਪ੍ਰਚੂਨ ਵਪਾਰ 47% ਘਟ ਗਿਆ (27)।

ਅਸਲ ਵਿੱਚ, ਵੱਡੇ ਪ੍ਰਚੂਨ ਵਪਾਰੀਆਂ ਦਾ ਵਿਸ਼ੇਸ਼ ਕਰਕੇ ਵਾਲਮਾਰਟ ਦਾ ਛੋਟੇ ਵਪਾਰ 'ਤੇ ਅਜਿਹਾ ਭਿਆਨਕ ਅਸਰ ਪਿਆ ਹੈ ਕਿ ਸਮੁੱਚੇ ਅਮਰੀਕਾ ਵਿੱਚ ਲੋਕਾਂ ਨੇ ਜਥੇਬੰਦ ਹੋ ਕੇ ਆਪਣੇ ਆਪਣੇ ਸਹਿਰਾਂ ਵਿੱਚ ਵਾਲਮਾਰਟ ਦੇ ਸਟੋਰਜ਼ ਨਾ ਖੁਲ੍ਹਣ ਦੇਣ ਦੇ ਲਈ ਜੋਰ ਨਾਲ ਵਿਰੋਧ ਪ੍ਰਦਰਸ਼ਨ (ਗੁਣਆਤਮਕ ਅੰਤਰ ਦੇ ਨਾਲ ਉਨ੍ਹਾਂ ਨੂੰ ਸਫਲਤਾ ਵੀ ਮਿਲੀ) ਕੀਤੇ ਹਨ ਜਿਵੇਂ ਕਿ ਕਲੀਵਲੈਂਡ, ਸ਼ਿਕਾਗੋ, ਫਲੈਗਸਟਾਫ, ਸਾਨ ਡਿਓਗੋ, ਇੰਗੈਲੀਵੁਡ, ਰੋਜ਼ਮਿਡ, ਲਾਗ ਬੀਚ, ਟੈਕਿਊਸਕਾਨ, ਸਪੋਕੇਨ ਅਤੇ ਨਿਊਯਾਰਕ ਵਿੱਚ । ਵਾਲਮਾਰਟ ਨੇ ਆਪਣੇ ਪੈਰ ਜਮਾਉਣ ਲਈ ਹਰ ਕਿਸਮ ਦੀਆਂ ਚਾਲਾਂ ਚੱਲੀਆਂ । ਜਿਨ੍ਹਾਂ ਵਿੱਚ ਸ਼ਾਮਲ ਸਨ, ਸਥਾਨਕ ਪੱਧਰ ਉਪਰ ਆਗਾਊਂ ਮੋਰਚੇ ਦਾ ਗਠਨ ਕਰਨਾ (2000-2005 ਵਿੱਚ ਆਪਣੇ ਸਮਰਥਨ ਵਿੱਚ ਮੁਹਿੰਮ ਚਲਾਉਣ ਲਈ, ਵਾਲਮਾਰਟ ਨੇ ਅਗਾਊਂ ਸਮੂਹਾਂ ਉਪਰ ਇੱਕਲੇ ਕੈਲੀਫੋਰਨੀਆ ਦੇ 10 ਭਾਈਚਾਰਿਆਂ ਵਿੱਚ 4.3 ਮਿਲੀਅਨ ਅਮਰੀਕੀ ਡਾਲਰ ਖਰਚ ਕੀਤੇ) ਵਿਰੋਧੀਆਂ ਨੂੰ ਰਿਸ਼ਵਤ ਦੇਣਾ, ਕੂੜ ਪ੍ਰਚਾਰ ਮੁਹਿੰਮਾਂ ਨੂੰ ਧਨ ਉਪਲਬਧ ਕਰਵਾਉਣਾ, ਹਮਲਾਵਰ ਕਾਨੂੰਨੀ ਹਥਕੰਡਿਆਂ ਦੀ ਵਰਤੋਂ ਕਰਨਾ, ਅਪਣੇ ਵਿਰੋਧੀਆਂ ਦੇ ਸਮਰਪਣ ਲਈ ਉਨ੍ਹਾਂ ਨੂੰ ਧਮਕਾਉਣ ਜਾਂ ਇਸਦੀ ਕੋਸ਼ਿਸ਼ ਕਰਨ ਵਰਗੀਆਂ ਅਨੇਕਾਂ ਤਿਕੜਮਬਾਜੀਆਂ ਦਾ ਸਹਾਰਾ ਲਿਆ (28)।

ਸ਼ੁਰੂਆਤ ਵਿੱਚ , ਯੂਰਪ ਵਿੱਚ 1970-80 ਦੇ ਦਹਾਕੇ ਦੌਰਾਨ ਕਈ ਦੇਸ਼ਾਂ ਨੇ ਕਾਨੂੰਨ ਬਣਾਏ ਜਿਵੇਂ ਕਿ ਫਰਾਂਸ ਵਿੱਚ ਲੋਈ ਰੋਓਰ ਅਤੇ ਬੈਲਜੀਅਮ ਵਿੱਚ ਲੋਈ ਡੇ ਕੈਡੇਨਾਸ ਅਤੇ ਵੱਡੀਆਂ ਪ੍ਰਚੂਨ ਵਪਾਰ ਕੰਪਨੀਆਂ ਦੇ ਵਾਧੇ ਨੂੰ ਰੋਕਨ ਦੇ ਲਈ ਉਪਰਾਲੇ ਕਰਨ ਦੀ ਪਹਿਲ ਕੀਤੀ। ਇਨ੍ਹਾਂ ਉਪਰਾਲਿਆਂ ਰਾਹੀਂ ਵੱਡੇ ਪ੍ਰਚੂਨ ਵਪਾਰੀਆਂ ਉਪਰ ਅਜਿਹੀਆਂ ਰੋਕਾਂ ਲਗਾਈਆਂ ਕਿ ਜਾਂ ਤਾਂ ਉਹ ਮਜਬੂਰ ਹੋ ਕੇ ਬਜਾਰ ਵਿੱਚੋਂ ਪੂਰੀ ਤਰ੍ਹਾਂ ਭੱਜ ਜਾਣ ਜਾਂ ਫਿਰ ਐਤਵਾਰ ਨੂੰ ਕੁੱਝ ਘੰਟਿਆਂ ਲਈ ਹੀ ਦੁਕਾਨਾਂ ਖੋਲ੍ਹਣ ਦੀ ਇਜਾਜਤ ਦਿੱਤੀ (22)। ਇਨ੍ਹਾਂ ਉਪਰਾਲਿਆਂ ਵਿੱਚ ਨਵੇਂ ਸੁਪਰ ਮਾਰਕੀਟ ਦੇ ਆਕਾਰ ਨੂੰ ਸੀਮਤ ਕਰਨ ਵਿੱਚ ਸਖਤੀ ਕਰਨਾ ਅਤੇ ਵੱਡੇ ਵੱਡੇ ਮਾਲ ਖੁਲ੍ਹਣ ਵਾਲੇ ਸੰਭਾਵਤ ਖੇਤਰਾਂ ਵਿੱਚ ਰੋਕ ਲਗਾਉਣ ਵਰਗੇ ਕਦਮ ਸ਼ਾਮਲ ਸਨ (23) । ਬੇਸ਼ੱਕ 1990 ਦੇ ਦਹਾਕੇ ਤੋਂ ਇਨ੍ਹਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਦੇ ਹਰੇਕ ਖੇਤਰ ਵਿੱਚ ਹੀ ਵੱਡੇ ਘਰਾਣਿਆਂ ਦਾ ਏਕਾਅਧਿਕਾਰਵਾਦ ਤੇਜੀ ਨਾਲ ਵੱਧ ਰਿਹਾ ਹੈ।ਇਸ ਲਈ ਪ੍ਰਚੂਨ ਖੇਤਰ ਵਿੱਚ ਵੀ, ਵੱਡੇ ਕਾਰਪੋਰੇਟ ਘਰਾਣਿਆਂ ਦੀ ਧਿਰ ਦੇ ਦਬਾਅ ਕਰਕੇ, ਅਨੇਕ ਯੂਰਪੀ ਦੇਸ਼ ਵੱਡੇ ਵੱਡੇ ਪ੍ਰਚੂਨ ਭੰਡਾਰਾਂ ਦੇ ਵਾਧੇ'ਤੇ ਲੱਗੀਆਂ ਰੋਕਾਂ ਹੌਲੀ ਹੌਲੀ ਹਟਾ ਰਹੇ ਹਨ।ਇਸ ਤਰ੍ਹਾਂ ਪ੍ਰਚੂਨ ਵਪਾਰ ਨੂੰ ਮੁੱਠੀ ਭਰ ਦਿਉ ਕੱਦ ਕੰਪਨੀਆਂ ਦੇ ਹਵਾਲੇ ਕਰਨ ਦੇ ਅਮਲ ਨੂੰ ਤੇਜ ਕਰ ਰਹੇ ਹਨ ।

ਇਨ੍ਹਾਂ ਸਾਰਿਆਂ ਦਾ ਨਤੀਜਾ ਛੋਟੇ ਪ੍ਰਚੂਨ ਵਪਾਰੀਆਂ ਲਈ ਤਬਾਹਕੁਨ ਰਿਹਾ ਹੈ, 2005 ਦੇ ਆਉਂਦੇ ਆਉਂਦੇ ਤਾਂ ਕਈ ਯੂਰਪੀ ਦੇਸ਼ਾਂ : ਡੈਨਮਾਰਕ ਤੋਂ ਸਵੀਡਨ ਤੱਕ , ਸਵਿਟਜਰਲੈਂਡ , ਜਰਮਨੀ ਅਤੇ ਬ੍ਰਿਟੇਨ (24) ਦੇ ਕੁੱਲ ਕਰਿਆਨਾ ਵਪਾਰ ਦੀ 65 ਤੋਂ 75 % ਵਿਕਰੀ ਉਪਰ ਮਹਿਜ ਪੰਜ ਵੱਡੀਆਂ ਕੰਪਨੀਆਂ ਦਾ ਕਬਜ਼ਾ ਹੋ ਚੁਕਿਆ ਸੀ । ਬ੍ਰਿਟੇਨ ਦੇ ਕਈ ਇਲਾਕਿਆਂ ਵਿੱਚ ਦੇਸ਼ ਦੀ ਵੱਡੀ ਪ੍ਰਚੂਨ ਕੰਪਨੀ ਟੈਸਕੋ ਨੇ ਖਾਣ ਪਾਣ ਦੇ ਬਜਾਰ ਉਪਰ ਮੁਕੰਮਲ ਕੰਟਰੋਲ ਕਰ ਲਿਆ ਹੈ (25)।

ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਛੋਟੇ ਪ੍ਰਚੂਨ ਵਪਾਰ ਦੀ ਤਬਾਹੀ

ਦੂਜੀ ਸੰਸਾਰ ਜੰਗ ਦੇ ਬਾਅਦ ਅਜਾਦ ਹੋਏ ਤੀਜੀ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੇ ਖੁਦ ਮੁਖਤਿਆਰ ਪੂੰਜੀਵਾਦ ਵਿਕਾਸ ਦੇ ਰਸਤੇ ਤੇ ਚਲਦੇ ਹੋਏ ਸ਼ੁਰੂਆਤ ਵਿੱਚ ਆਪਣੀ ਉਦਯੋਗਿਕ ਕਰਾਂਤੀ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਵਿੱਚੋਂ ਜਿਆਦਾਤਰ ਦੇਸ਼ਾਂ ਨੇ ਅਪਣੀਆਂ ਨੀਤੀਆਂ ਦੇ ਤਹਿਤ ਜਿਸ ਸੱਭ ਤੋਂ ਵੱਡੇ ਉਪਾਅ ਤੇ ਅਮਲ ਕੀਤਾ, ਉਹ ਸੀ ਆਪਣੀਆਂ ਆਪਣੀਆਂ ਅਰਥਵਿਵਸਥਾਵਾਂ ਵਿੱਚ ਵਿਦੇਸ਼ੀ ਪੂੰਜੀ ਦੇ ਪ੍ਰਵਾਹ ਨੂੰ ਸੀਮਤ ਕਰਨਾ । ਵਿਕਾਸ ਦੇ ਇਸ ਮਾਡਲ ਦੀਆਂ ਜਨਮਜਾਤ ਅੰਤਰ ਵਿਰੋਧ ਸੀਮਾਵਾਂ (ਜਿਨ੍ਹਾਂ ਉਪਰ ਚਰਚਾ ਕਰਨਾ ਇਸ ਕਿਤਾਬਚੇ ਦੇ ਦਾਇਰੇ ਦੇ ਬਾਹਰ ਹੈ) ਦੇ ਕਾਰਨ, ਇਹ ਮਾਡਲ 1970 ਦੇ ਦਹਾਕੇ ਦੇ ਆਖਰੀ ਪੜਾਅ ਤੋਂ ਹੀ ਅਸਫਲ ਹੋਣ ਲੱਗਿਆ ਸੀ ਅਤੇ ਇਹ ਦੇਸ਼, ਵਿਦੇਸ਼ੀ ਕਰਜੇ ਦੇ ਸੰਕਟ ਵਿੱਚ ਫਸ ਗਏ । ਅਮਰੀਕਾ, ਪੱਛਮੀ ਯੂਰਪ ਅਤੇ ਜਪਾਨ ਵਰਗੇ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਵਿਦੇਸ਼ੀ ਕਰਜ਼ਦਾਤਿਆਂ ਨੇ ਤੀਜੀ ਦੁਨੀਆ ਦੇ ਦੇਸ਼ਾਂ ਨੂੰ ਰੋਕਾਂ ਹਟਾਉਣ ਅਤੇ ਵਿਦੇਸ਼ੀ ਪੂੰਜੀ ਪ੍ਰਵਾਹ ਅਤੇ ਵਸਤੂਆਂ ਦੇ ਵਪਾਰ ਦੇ ਲਈ ਅਰਥ ਵਿਵਸਥਾਵਾਂ ਨੂੰ ਖੋਲ੍ਹਣ ਦੇ ਲਈ, ਆਪਸ ਵਿੱਚ ਇੱਕ ਜੁੱਟ ਹੋ ਕੇ ਬਾਂਹ ਮਰੋੜੀ ਹਰਬਾ ਵਰਤਣਾ ਸੁਰੂ ਕਰ ਦਿੱਤਾ । ਇਨ੍ਹਾਂ ਕਰਜਦਾਰ ਦੇਸ਼ਾਂ ਵਿੱਚ ਨੀਤੀਗਤ ਬਦਲਾਵਾਂ ਵਿੱਚੋਂ ਇੱਕ ਮਹੱਤਵਪੂਰਨ ਨੀਤੀਗਤ ਬਦਲਾਅ ਜੋ ਕੀਤਾ ਗਿਆ ਉਹ ਇਹ ਸੀ ਕਿ ਇਸਦੇ ਤਹਿਤ ਉਨ੍ਹਾਂ ਨੇ ਆਪਣੇ ਪ੍ਰਚੂਨ ਖੇਤਰ ਪੱਛਮੀ ਦੇਸ਼ਾਂ ਦੇ ਵੱਡੇ ਪ੍ਰਚੂਨ ਘਰਾਣਿਆਂ ਲਈ ਖੋਲ੍ਹ ਦਿੱਤੇ ।

ਇਸਦਾ ਭਵਿੱਖਬਾਣੀ ਕੀਤੇ ਜਾ ਸਕਨ ਵਾਲਾ ਨਤੀਜਾ ਇਹ ਹੋਇਆ : ਤੁਰਕੀ ਤੋਂ ਬਰਾਜ਼ੀਲ,

ਬਰਾਜ਼ੀਲ ਤੋਂ ਦੱਖਣੀ ਅਫਰੀਕਾ , ਤੀਜੀ ਦੁਨੀਆ ਦੇ ਹਰੇਕ ਉਸ ਦੇਸ਼ ਵਿੱਚ , ਜਿਸ ਨੇ ਆਪਣੇ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਨੂੰ ਪ੍ਰਵਾਨਗੀ ਦਿੱਤੀ ਸੀ , ਇਨ੍ਹਾਂ ਦਿਉ ਕੱਦ ਪ੍ਰਚੂਨ ਵਪਾਰੀਆਂ ਦੇ ਉਨ੍ਹਾਂ ਦੇ ਅਰਥਚਾਰਿਆਂ ਵਿੱਚ ਪ੍ਰਵੇਸ਼ ਦੇ ਕੁੱਝ ਹੀ ਸਾਲਾਂ ਦੇ ਅੰਦਰ ਪਹਿਲਾਂ ਤੋਂ ਜਮੇ - ਜਮਾਏ ਹੋਏ ਛੋਟੇ ਪ੍ਰਚੂਨ ਵਪਾਰੀਆਂ ਨੂੰ ਧੰਦੇ ਤੋਂ ਬਾਹਰ ਕਰ ਦਿੱਤਾ ਅਤੇ ਬਜਾਰ ਦੇ ਵੱਡੇ ਹਿੱਸੇ ਉਤੇ ਕਬਜਾ ਕਰ ਲਿਆ । ਵਾਲਮਾਰਟ, ਮੈਕਸੀਕੋ ਵਿੱਚ 1991 ਵਿੱਚ ਦਾਖਲ ਹੋਇਆ ਸੀ ਅਤੇ ਇਸਦੇ ਠੀਕ ਇੱਕ ਦਹਾਕੇ (2001) ਤੱਕ ਦੇ ਅੰਦਰ ਹੀ , ਉਸਨੇ ਪੂਰੇ ਪ੍ਰਚੂਨ ਬਜਾਰ ਦੇ ਲੱਗ ਭੱਗ ਅੱਧੇ ਹਿੱਸੇ (45.6%) **(29)** ਅਤੇ 2011 ਤੱਕ 55% ਹਿੱਸੇ **(30)** ਉਪਰ ਕਬਜਾ ਕਰ ਲਿਆ ਸੀ । ਠੀਕ ਇਹੀ ਕਹਾਣੀ ਦੱਖਣੀ ਅਮਰੀਕੀ ਦੇਸ਼ਾਂ ਵਿੱਚ ਦੁਹਰਾਈ ਗਈ: ਬਰਾਜ਼ੀਲ ਵਿੱਚ, ਫਲ ਅਤੇ ਸਬਜੀ ਦੇ ਰੇਹੜੀ ਬਜਾਰ ਦੀ ਵਿੱਕਰੀ ਦੇ ਹਿੱਸੇ ਵਿੱਚ 1987 ਤੋਂ 1996 ਦੇ ਵਿਚਕਾਰ 27.8% ਦੀ ਗਿਰਾਵਟ ਆਈ । ਅਰਜਨਟਾਈਨਾ ਵਿੱਚ 1984 ਤੋਂ 1993 ਦੇ ਵਿਚਕਾਰ ਪ੍ਰਚੂਨ ਦੁਕਾਨਾਂ ਦੀ ਗਿਣਤੀ 30% ਤੱਕ ਘਟ ਗਈ । ਇਸੇ ਅਰਸੇ ਦੌਰਾਨ ਰੁਜਗਾਰ ਦੇ ਖੇਤਰ ਵਿੱਚ 26% ਗਿਰਾਵਟ ਰਹੀ। ਜਦ ਕਿ ਚਿੱਲੀ ਵਿੱਚ , ਰਵਾਇਤੀ ਖਾਣ -ਪੀਣ ਤੇ ਸ਼ਰਾਬ ਦੇ ਪ੍ਰਚੂਨ ਕਾਰੋਬਾਰ ਵਿੱਚ 1991-95 ਵਿਚਕਾਰ ਲੱਗ ਭੱਗ ਸਾਰੇ ਹੀ ਖੇਤਰਾਂ ਵਿੱਚ 20% ਗਿਰਾਵਟ ਰਹੀ **(31)** । ਇਨ੍ਹਾਂ ਨਤੀਜਿਆਂ ਨੂੰ ਵੇਖਦੇ ਹੋਏ ਦੱਖਣੀ ਅਮਰੀਕੀ ਮੁਲਕ ਹੁਣ ਪ੍ਰਚੂਨ ਖੇਤਰ ਵਿੱਚ ਵੱਡੇ ਘਰਾਣਿਆਂ ਦੇ ਕਾਰੋਬਾਰ ਨੂੰ ਸੀਮਤ ਕਰਨ ਦੇ ਲਈ ਕਨੂੰਨੀ ਕਦਮ ਉਠਾ ਰਹੇ ਹਨ ।

ਪੂਰਬੀ ਏਸ਼ੀਆ ਵਿੱਚ, ਖਾਣ ਦੇ ਸਮਾਨ ਦੀ ਪ੍ਰਚੂਨ ਵਿੱਕਰੀ ਵਿੱਚ ਸੁਪਰ ਮਾਰਕੀਟ ਦਾ ਹਿੱਸਾ ਜਿਹੜਾ 20% ਤੋਂ ਵੀ ਘੱਟ ਸੀ ਵੱਧ ਕੇ ਦਹਾਕੇ ਦੇ ਅੰਤ 2005 ਵਿੱਚ 50% ਤੱਕ ਹੋ ਗਿਆ **(32)** । ਛੋਟੇ ਪ੍ਰਚੂਨ

ਬਜਾਰਾਂ ਉਪਰ ਸੁਪਰ ਮਾਰਕੀਟ ਦਾ ਅਸਰ ਇੰਨਾ ਤਬਾਹਕੁਨ ਹੋ ਰਿਹਾ ਹੈ ਕਿ ਕਈ ਜਗ੍ਹਾ ਇਸ ਨੂੰ ਲੈਕੇ ਦੰਗੇ ਤੱਕ ਭੜਕ ਉਠੇ ਹਨ ਅਤੇ ਮਜਬੂਰ ਹੋ ਕੇ ਕਈ ਦੇਸ਼ਾਂ ਨੂੰ ਵੱਡੇ ਪ੍ਰਚੂਨ ਘਰਾਣਿਆਂ ਉਤੇ ਰੋਕਾਂ ਲਗਾਉਣੀਆਂ ਪਈਆਂ ਹਨ (33) ।

ਇਨ੍ਹਾਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਜੇਕਰ ਭਾਰਤੀ ਪ੍ਰਚੂਨ ਬਜਾਰ ਵਿੱਚ ਵੜਣ ਦੀ ਇਜਾਜਤ ਦੇ ਦਿੱਤੀ ਗਈ ਤਾਂ ਉਸਦੇ ਨਤੀਜੇ ਦੱਖਣੀ ਅਮਰੀਕੀ ਦੇਸ਼ਾਂ ਤੋਂ ਵੱਖਰੇ ਨਹੀਂ ਹੋਣਗੇ । ਉਹ ਸਿੱਧੇ ਤੌਰ ’ਤੇ ਭਾਰਤ ਦੇ ਪ੍ਰਚੂਨ ਬਜਾਰ ਨੂੰ ਬਰਬਾਦ ਕਰ ਦੇਣਗੇ ।

5. ਰੁਜਗਾਰ ਪੈਦਾ ਕਰਨ ਦਾ ਝੂਠ

ਇਸ ਲਈ ਇਹ ਸੋਚ ਕਿ ਇਹ ਵੱਡੇ ਪ੍ਰਚੂਨ ਵਪਾਰੀ ਭਾਰਤ ਵਿੱਚ ਰੁਜਗਾਰ ਪੈਦਾ ਕਰਨਗੇ, ਮਨ – ਘੜੰਤ ਹੈ । ਉਹ ਜਿਆਦਾ ਤੋਂ ਜਿਆਦਾ ਕੁੱਝ ਹਜਾਰ ਲੋਕਾਂ ਨੂੰ ਕੰਮ ਦੇਣਗੇ ਜਦਕਿ ਇਸਦੀ ਤੁਲਣਾ ਵਿੱਚ ਦਸਾਂ ਲੱਖਾਂ ਤੋਂ ਵੀ ਜਿਆਦਾ ਪ੍ਰਚੂਨ ਵਪਾਰੀ ਰੋਜੀ ਰੋਟੀ ਤੋਂ ਵਾਂਝੇ ਹੋ ਜਾਣਗੇ । (ਛੋਟੇ ਪ੍ਰਚੂਨ ਧੰਦੇ ਅਤੇ ਖੇਤੀ ਉਪਰ ਜੋ ਬੁਰਾ ਪ੍ਰਭਾਵ ਪਵੇਗਾ ਉਹ ਅਲੱਗ ਹੈ, ਜਿਵੇਂ ਕਿ ਇਸ ਉਪਰ ਅੱਗੇ ਵਿਚਾਰ ਕੀਤਾ ਗਿਆ ਹੈ) ਇੱਕ ਅਨੁਮਾਨ ਦੇ ਮੁਤਾਬਕ, ਇੱਕ ਵਾਲਮਾਰਟ ਦਾ ਸੁਪਰਮਾਰਕੀਟ ਆਪਣੇ ਆਲੇ ਦੁਆਲੇ ਦੀਆਂ 1300 ਪ੍ਰਚੂਨ ਦੁਕਾਨਾਂ ਨੂੰ ਭਜਾ ਦਿੰਦਾ ਹੈ ਅਤੇ 3900 ਲੋਕਾਂ ਦੀਆਂ ਨੌਕਰੀਆਂ ਖੋਹ ਲੈਂਦਾ ਹੈ । ਸੁਪਰਮਾਰਕੀਟ ਵਿੱਚ ਪੈਦਾ ਹੋਈ ਹਰੇਕ ਨੌਕਰੀ ਦੇ ਮਗਰ ਲੱਗ ਭੱਗ 17 ਨੌਕਰੀਆਂ ਗੈਰ ਜਥੇਬੰਦਕ ਪ੍ਰਚੂਨ ਖੇਤਰ ਵਿੱਚ ਖਤਮ ਹੋ ਜਾਂਦੀਆਂ ਹਨ (34) । ਜਰਾ ਸੋਚੋ, ਕਿ ਭਾਰਤ ਵਿੱਚ ਛੋਟੇ ਪ੍ਰਚੂਨ ਧੰਦਿਆਂ ਉਪਰ ਚਾਰ ਕਰੋੜ ਲੋਕ ਨਿਰਭਰ ਹਨ ਅਤੇ ਜੇਕਰ ਅਸੀਂ ਇਨ੍ਹਾਂ ’ਤੇ ਨਿਰਭਰ ਘੱਟੋ ਘੱਟ ਚਾਰ-ਚਾਰ ਜੀਆਂ ਦੀ ਗਿਣਤੀ ਨੂੰ ਜੋੜੀਏ ਤਾਂ ਪ੍ਰਚੂਨ ਬਜਾਰ ਵਿੱਚ 16 ਕਰੋੜ ਲੋਕਾਂ ਦੀ ਰੋਜੀ-ਰੋਟੀ ਜੁੜੀ ਹੋਈ ਹੈ । ਜਾਹਿਰ ਹੈ ਕਿ ਅਜਿਹੇ ਹਾਲਾਤ ਵਿੱਚ ਇਨ੍ਹਾਂ ਦਿਉ ਕੱਦ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਪ੍ਰਚੂਨ ਵਪਾਰੀਆਂ ਦੇ ਪ੍ਰਵੇਸ਼ ਦਾ ਰੁਜਗਾਰ ਵਿਵਸਥਾ ਉਪਰ ਬੁਰਾ ਅਸਰ ਭਿਆਨਕ ਰੂਪ ਵਿੱਚ ਤਬਾਹਕੁਨ ਹੋਵੇਗਾ ।

ਇੱਥੋਂ ਤੱਕ ਕਿ ਇਨ੍ਹਾਂ ਸੁਪਰ ਬਜਾਰਾਂ ਵਿੱਚ ਜੋ ਕੋਈ ਥੋੜ੍ਹੀਆਂ ਬਹੁਤ ਨੌਕਰੀਆਂ ਮਿਲਣਗੀਆਂ ਵੀ , ਉਹ ਵੀ ਮਾਮੂਲੀ ਤਨਖਾਹ ਵਾਲੀਆਂ ਹੋਣਗੀਆਂ । ਵੈਸੇ ਵੀ ਵਾਲਮਾਰਟ ਪੂਰੀ ਦੁਨੀਆ ਵਿੱਚ ਉਦਯੋਗਿਕ ਖੇਤਰ ਵਿੱਚ ਦਿੱਤੇ ਜਾਣ ਵਾਲੇ ਮਾਪ ਦੰਡਾਂ ਤੋਂ ਵੀ ਘੱਟ ਤਨਖਾਹ ਦੇਣ ਦੇ ਲਈ ਬਦਨਾਮ ਹੈ। ਇਹੀ ਗੱਲ, ਅਮਰੀਕਾ ਦੇ ਸੁਪਰ ਬਜਾਰਾਂ ਲਈ ਵੀ ਸੱਚ ਹੈ । ਵਾਲਮਾਰਟ ਅਮਰੀਕਾ ਵਿੱਚ ਨਿਜੀ ਖੇਤਰ ਵਿੱਚ ਨੌਕਰੀਆਂ ਦੇਣ ਵਾਲਿਆਂ ਵਿੱਚ ਸੱਭ ਤੋਂ ਵੱਡਾ ਨਿਯੁਕਤੀਕਾਰ ਹੈ ਅਤੇ ਇਸਨੇ ਕਰੀਬ 1.4 ਮਿਲੀਅਨ (14 ਲੱਖ) ਲੋਕਾਂ ਨੂੰ ਕੰਮ ਤੇ ਲਗਾ ਰੱਖਿਆ ਹੈ । ਇਹ ਅਮਰੀਕਾ ਦੀ 140 ਮਿਲੀਅਨ (14 ਕਰੋੜ) ਕਾਮਿਆਂ ਦੀ ਅਬਾਦੀ ਦਾ 1% ਹੈ (35) । ਵਾਲਮਾਰਟ ਆਪਣੇ ਕਾਮਿਆਂ ਨੂੰ , ਜਿਨ੍ਹਾਂ ਨੂੰ ਉਹ ਐਸੋਸੀਏਟ ਕਹਿੰਦਾ ਹੈ , ਗਰੀਬੀ ਜਾਂ ਲੱਗ ਭੱਗ ਗਰੀਬੀ ਰੇਖਾ ਦੇ ਨੇੜੇ ਤੇੜੇ ਵਾਲੀ ਤਨਖਾਹ ਦਿੰਦਾ ਹੈ – ਪ੍ਰਤੀ ਘੰਟਾ 11.75 ਅਮਰੀਕੀ ਡਾਲਰ ਜਾਂ ਪ੍ਰਤੀ ਸਾਲ 20,774 ਡਾਲਰ ਦੇ ਹਿਸਾਬ ਨਾਲ । ਇਹ ਰਕਮ ਅਮਰੀਕੀ ਸੰਘ ਵੱਲੋਂ ਗਰੀਬੀ ਰੇਖਾ ਤਹਿਤ ਤਹਿ ਸ਼ੁਦਾ ਆਮਦਨ ਤੋਂ ਵੀ 6% ਘੱਟ ਹੈ । ਇੰਨਾ ਹੀ ਨਹੀਂ । ਕਿਉਂਕਿ ਵਾਲਮਾਰਟ ਇੱਕ ਬੜਾ ਨਿਯੁਕਤੀਕਾਰ ਹੈ ਅਤੇ ਜਦ ਵੀ ਇਹ ਕਿਸੇ ਸ਼ਹਿਰ ਵਿੱਚ ਆਪਣਾ ਸੁਪਰ ਬਜਾਰ ਖੋਲ੍ਹਦਾ ਹੈ ਤਾਂ ਇਸ ਦੀਆਂ ਘੱਟ ਤਨਖਾਹਾਂ ਕਾਰਨ ਉਥੋਂ ਦੇ ਕਾਮਿਆਂ ਨੂੰ ਦਿਹਾੜੀ ਘੱਟ ਜਾਂਦੀ ਹੈ । ਸਥਾਨਕ ਪ੍ਰਚੂਨ ਵਪਾਰੀ ਵੀ ਵਾਲਮਾਰਟ ਨਾਲ

ਮੁਕਾਬਲਾ ਕਰਨ ਦੇ ਚੱਕਰ ਵਿੱਚ ਆਪਣੇ ਕਰਮਚਾਰੀਆਂ ਨੂੰ ਘੱਟ ਤਨਖਾਹ ਦੇਣ ਲੱਗਦੇ ਹਨ (44) । 2004 ਵਿੱਚ ਯੂ. ਸੀ. ਬਰਕਲੇ ਦੇ ਇੱਕ ਅਧਿਅਨ ਵਿੱਚ ਪਾਇਆ ਗਿਆ ਕਿ ਵਾਲਮਾਰਟ ਦੇ ਅੱਧਿਓਂ ਵੱਧ ਕਾਮਿਆਂ ਨੂੰ ਪ੍ਰਤੀ ਘੰਟਾ ਨੌਂ ਅਮਰੀਕੀ ਡਾਲਰ ਦੀ ਦਰ ਨਾਲ ਦਿਹਾੜੀ ਮਿਲਦੀ ਹੈ ਜਦਕਿ ਹੋਰ ਵੱਡੇ ਪ੍ਰਚੂਨ ਵਪਾਰੀ ਔਸਤਨ 14 ਡਾਲਰ ਦੇ ਹਿਸਾਬ ਨਾਲ ਭੁਗਤਾਨ ਕਰਦੇ ਹਨ (45) । ਇਸ ਤੋਂ ਵੀ ਮਾੜਾ ਇਹ ਹੈ ਕਿ ਕੰਪਨੀ ਦਾ ਲੰਮੇ ਅਰਸੇ ਦਾ ਰਿਕਾਰਡ ਹੈ ਕਿ ਇਹ ਕਾਮਿਆਂ ਨਾਲ ਦੁਰ - ਵਿਹਾਰ ਕਰਦੀ ਹੈ । ਉਨ੍ਹਾਂ ਤੋਂ ਜਬਰਨ ਤਹਿ ਕੀਤੇ ਘੰਟਿਆਂ ਤੋਂ ਜਿਆਦਾ ਕੰਮ ਲੈਣਾ , ਛੋਟੀਆਂ ਛੋਟੀਆਂ ਗਲਤੀਆਂ ਤੇ ਉਨ੍ਹਾਂ ਨੂੰ ਦੰਡ ਦੇਣਾ ਆਮ ਜਿਹੀ ਗੱਲ ਹੈ । ਗੈਰ-ਕਾਨੂੰਨੀ ਬਾਲ ਮਜਦੂਰਾਂ ਤੋਂ ਅਤੇ ਅਜਿਹੇ ਕਾਮਿਆਂ ਤੋਂ ਤੋਂ ਕੰਮ ਲੈਣਾ ਜੋ ਗੈਰ - ਕਾਨੂੰਨੀ ਢੰਗ ਨਾਲ ਲਗਾਏ ਗਏ ਹੋਣ, ਵੀ ਕੰਪਨੀ ਲਈ ਕੋਈ ਸ਼ਰਮ ਵਾਲੀ ਗੱਲ ਨਹੀਂ । ਇਸਤਰੀ ਕਾਮਿਆਂ ਨਾਲ ਭੈੜਾ ਅਤੇ ਭੇਦਭਾਵ ਵਾਲਾ ਵਰਤਾਓ ਕਰਨਾ ਅਤੇ ਮਜਦੂਰ ਸੰਗਠਨਾਂ ਦੇ ਖਾਤਮੇ ਦੇ ਲਗਾਤਾਰ ਯਤਨ ਕਰਦੇ ਰਹਿਣਾ , ਵੀ ਕੰਪਨੀ ਦਾ ਆਮ ਵਤੀਰਾ ਹੈ । (46)। ਕਾਮਿਆਂ ਦੇ ਪ੍ਰਤੀ ਅਜਿਹੇ ਭੈੜੇ ਵਰਤਾਓ ਬਣਾਈ ਰੱਖਣ ਦੇ ਇਨਾਮ ਵਜੋਂ, ਵਾਲਮਾਰਟ ਦੇ ਸੀ.ਈ.ਓ. ਮਾਈਕਲ ਡਿਊਕ ਦੀ ਸਾਲਾਨਾ ਤਨਖਾਹ ਵਧਾ ਕੇ 34 ਮਿਲੀਅਨ ਡਾਲਰ ਕਰ ਦਿੱਤੀ ਗਈ, ਜਿਨ੍ਹਾਂ ਦੀ ਇੱਕ ਘੰਟੇ ਦੀ ਤਨਖਾਹ ਕੰਪਨੀ ਦੇ ਔਸਤ ਕਾਮਿਆਂ ਦੀ ਸਲਾਨਾ ਤਨਖਾਹ ਦੇ ਬਰਾਬਰ ਹੈ । (47) ।

ਇਨ੍ਹਾਂ, ਕਾਨੂੰਨ ਨੂੰ ਨਾ ਮੰਨਣ ਵਾਲੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ, ਇਥੇ ਦੇਸ਼ ਵਿੱਚ ਲਿਆਉਣ ਦੀ ਤਿਆਰੀ ਵਿੱਚ , ਭਾਰਤ ਸਰਕਾਰ ਨੇ ਆਪਣੇ ਦੇਸ਼ ਦੇ ਕਿਰਤ ਕਾਨੂੰਨਾਂ ਨੂੰ ਕੁੱਝ ਇਸ ਤਰ੍ਹਾਂ ਤੋੜਨਾ ਮਰੋੜਨਾ ਸੁਰੂ ਕਰ ਦਿੱਤਾ ਹੈ ਕਿ ਉਹ ਬਾਹਰ ਤੋਂ ਆ ਰਹੀਆਂ ਇਨ੍ਹਾਂ ਦਿਉ -ਕੱਦ ਪ੍ਰਚੂਨ ਵਪਾਰ ਦੀਆਂ ਕੰਪਨੀਆਂ ਦੇ ਕਿਰਤ ਅਮਲਾਂ ਦੇ ਮੁਤਾਬਕ ਹੋਣ, ਜਿਵੇਂ ਕੰਮ ਤੇ ਰੱਖਣ ਅਤੇ ਕੱਢਣ ਵਿੱਚ ਆਸਾਨੀ , ਜਿਆਦਾ ਤੋਂ ਜਿਆਦਾ ਘੱਟ ਅਰਸੇ ਵਾਲੇ ਠੇਕੇ , ਥੋੜੇ ਫਾਇਦੇ ਅਤੇ ਓਵਰਟਾਈਮ ਦੇ ਲੰਬੇ ਘੰਟੇ ।

ਪ੍ਰਚੂਨ ਵਪਾਰ ਸੰਭਵਤਾ ਦੇਸ਼ ਵਿੱਚ ਬੇਰੁਜਗਾਰੀ /ਅਰਧ ਬੇਰੁਜਗਾਰੀ ਦਾ ਮੁਢਲਾ ਛੁਪਿਆ ਹੋਇਆ ਰੂਪ ਹੈ। ਉਤਪਾਦਨ ਅਤੇ ਖੇਤੀ ਖੇਤਰ ਵਿੱਚ ਰੁਜਗਾਰ ਦੀ ਕਮੀ ਦੇ ਕਾਰਨ ਪ੍ਰਚੂਨ ਵਪਾਰ ਦੀਆਂ ਗਤੀਵਿਧੀਆਂ ਜਿਵੇਂ ਘਰ-ਘਰ ਜਾ ਕੇ ਸਮਾਨ ਵੇਚਣਾ , ਗਲੀਆਂ ਵਿੱਚ ਠੇਲੇ ਤੇ ਸਮਾਨ ਵੇਚਣ ਵਿੱਚ ਲੱਗੇ ਰਹਿਣਾ ਜਾਂ ਛੋਟੀ ਦੁਕਾਨ ਖੋਲ੍ਹਣਾ; ਬੇਰੁਜਗਾਰਾਂ ਲਈ ਬੇਰੁਜਗਾਰੀ ਤੋਂ ਖਹਿੜਾ ਛੁਡਾਉਣ ਲਈ ਅੰਤਮ ਉਪਾਅ ਹਨ । ਅੱਜ ਪ੍ਰਚੂਨ ਵਪਾਰ ਵਿੱਚ ਲੱਗੇ ਬਹੁਤ ਸਾਰੇ ਲੋਕ ਗਰੀਬੀ ਰੇਖਾ ਤੋਂ ਵੀ ਹੇਠਾਂ ਗੁਜਾਰਾ ਕਰਦੇ ਹਨ । ਇਸ ਤਰ੍ਹਾਂ ਪ੍ਰਚੂਨ ਬਜਾਰ ਨੂੰ ਐਫ ਡੀ ਆਈ ਦੇ ਲਈ ਖੋਲ੍ਹਣਾ, ਪਹਿਲਾਂ ਤੋਂ ਹੀ ਗਰੀਬੀ ਰੇਖਾ ਤੋਂ ਥੱਲੇ ਨਿਰਬਾਹ ਕਰਨ ਵਾਲਿਆਂ ਨੂੰ ਹੋਰ ਜਿਆਦਾ ਗਰੀਬੀ ਵਿੱਚ ਧੱਕਣਾ ਹੋਵੇਗਾ ।

6. ਕੀ ਕਿਸਾਨਾਂ ਨੂੰ ਲਾਭ ਹੋਏਗਾ ?

ਅਜਿਹੀ ਸਥਿਤੀ ਜੇ ਸੱਚ ਹੈ ਤਾਂ ਤੇ ਐਮ ਐਨ ਸੀਜ਼ ਪ੍ਰਚੂਨ ਕੰਪਨੀਆਂ ਨੇ ਅਮਰੀਕਾ ਅਤੇ ਯੂਰਪ ਦੇ ਕਿਸਾਨਾਂ ਨੂੰ ਜਰੂਰ ਹੀ ਲਾਭ ਪਹੁੰਚਾਇਆ ਹੋਣਾ ਚਾਹੀਦਾ ਹੈ । ਲੇਕਿਨ ਇਸ ਦੇ ਉਲਟ ਦਿਉ ਕੱਦ, ਖੇਤੀ ਵਪਾਰ ਤੋਂ ਲੈਕੇ ਵਿਸ਼ਾਲ ਪ੍ਰਚੂਨ ਵਪਾਰ ਲੜੀ ਤੱਕ, ਹਰੇਕ ਪੱਧਰ ’ਤੇ ਮੌਜੂਦ, ਕਾਰਪੋਰੇਟ ਘਰਾਣਿਆਂ ਦੇ ਏਕਾਅਧਿਕਾਰਾਂ ਨੇ ਅਮਰੀਕਾ ਦੇ ਖੇਤੀ ਉਪਰ ਨਿਰਭਰ ਪਰਿਵਾਰਾਂ ਮੁੱਖ ਤੌਰ ’ਤੇ ਛੋਟੇ ਕਿਸਾਨਾਂ ਨੂੰ ਤਬਾਹ ਕਰ ਦਿੱਤਾ ਹੈ। ਅੱਜ ਕੱਲ ਅਮਰੀਕਾ ਵਿੱਚ 10 ਲੱਖ ਤੋਂ ਵੀ ਘੱਟ ਗਿਣਤੀ ਵਿੱਚ ਲੋਕ ਖੇਤੀ ਤੋਂ ਆਪਣੀ ਰੋਜੀ ਰੋਟੀ

ਚਲਾਉਂਦੇ ਹਨ । ਇਹ ਗਿਣਤੀ 1950 ਵਿੱਚ ਢਾਈ ਕਰੋੜ ਤੋਂ ਵੀ ਉਪਰ ਸੀ **(36)** । ਇਸੇ ਤਰ੍ਹਾਂ ਯੂਰਪ ਵਿੱਚ ਵੀ ਹਰ ਮਿੰਟ ਇੱਕ ਕਿਸਾਨ ਖੇਤੀ ਛੱਡ ਦਿੰਦਾ ਹੈ । ਸਾਰੇ ਵਿਕਸਿਤ ਮੁਲਕਾਂ ਵਿੱਚ ਜੇਕਰ ਸਰਕਾਰਾਂ ਦੁਆਰਾ ਕਿਸਾਨਾਂ ਨੂੰ ਇੰਨੀ ਵੱਡੀ ਮਾਤਰਾ ਵਿੱਚ ਸਬਸਿਡੀ ਨਾ ਮਿਲ ਰਹੀ ਹੁੰਦੀ ਤਾਂ ਖੇਤੀ ਉਜੜ-ਪੁਜੜ ਗਈ ਹੁੰਦੀ । ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ (34 ਵਿਕਸਿਤ ਦੇਸ਼ਾਂ ਨੂੰ ਮਿਲਾ ਕੇ ਬਣੀ ਇੱਕ ਅੰਤਰ ਰਾਸ਼ਟਰੀ ਸੰਸਥਾ) ਦੀ 2010 ਦੀ ਰਿਪੋਰਟ ਵਿੱਚ ਇਹ ਸਪਸ਼ਟ ਰੂਪ ਵਿੱਚ ਕਿਹਾ ਗਿਆ ਹੈ ਕਿ ਖੇਤੀ ਉਪਰ ਸਬਸਿਡੀ 2008 ਵਿੱਚ 21% ਸੀ ਜੋ 2009 ਵਿੱਚ ਵੱਧ ਕੇ 22% ਹੋ ਗਈ ਹੈ । ਕੇਵਲ 2009 ਵਿੱਚ ਉਦਯੋਗਿਕ ਦੇਸ਼ਾਂ ਦੁਆਰਾ ਦਿੱਤੀ ਗਈ ਖੇਤੀ ਸਬਸਿਡੀ ਦੀ ਕੁੱਲ ਰਾਸ਼ੀ 1260 ਬਿਲੀਅਨ ਰੁਪਏ ਸੀ (ਇੱਕ ਲੱਖ ਛਬੀ ਹਜਾਰ ਕਰੋੜ) **(37)** ।

ਬਹੁ ਕੌਮੀ ਕੰਪਨੀਆਂ : ਉਤਪਾਦਨ ਸੰਘ ਬਣਾ ਕੇ ਮੰਡੀ ਵਿੱਚੋਂ ਘੱਟ ਕੀਮਤ ’ਤੇ ਮਾਲ ਖ੍ਰੀਦਦੀਆਂ ਹਨ

ਵਿਕਸਿਤ ਦੇਸ਼ਾਂ ਵਿੱਚ ਡੂੰਘੇ ਹੁੰਦੇ ਖੇਤੀ ਦੇ ਸੰਕਟ ਦਾ ਕਾਰਨ ਸਪਸ਼ਟ ਹੈ । ਬਹੁ ਕੌਮੀ ਨਿਗਮ ਇੰਨੇ ਦਿਓ ਕੱਦ ਅਤੇ ਐਡੇ ਤਾਕਤਵਰ ਹਨ ਕਿ ਉਹ ਪੂਰੀ ਦੀ ਪੂਰੀ ਪੂਰਤੀ ਲੜੀ – ਪ੍ਰੋਸੈਸਿੰਗ ਤੋਂ ਲੈਕੇ ਵਪਾਰ ਅਤੇ ਪ੍ਰਚੂਨ ਉਪਰ, ਆਪਣਾ ਏਕਾ ਅਧਿਕਾਰ ਕਇਮ ਕਰ ਲੈਂਦੇ ਹਨ । ਸਕੂਲਾਂ ਵਿੱਚ ਪੜ੍ਹਾਈਆਂ ਜਾਣ ਵਾਲੀਆਂ ਅਰਥਸ਼ਾਸ਼ਤਰ ਦੀਆਂ ਕਿਤਾਬਾਂ ਦੇ ਉਲਟ ਇਹ ਆਪਸ ਵਿੱਚ ਮੁਕਾਬਲਾ ਨਹੀਂ ਕਰਦੇ । ਸਗੋਂ ਮਿਲ ਜੁਲ ਕੇ ਚੀਜਾਂ ਦੇ ਮੁੱਲ ਤਹਿ ਕਰਦੇ ਹਨ। ਤਾਕਿ ਉਹ ਮੰਨ-ਮੰਨੀਆਂ ਕੀਮਤਾਂ ਤਹਿ ਕਰ ਸੱਕਨ ਜਿਸ ਤੇ ਉਹ ਕਿਸਾਨਾਂ ਅਤੇ ਛੋਟੇ ਉਤਪਾਦਕਾਂ ਤੋਂ ਮਾਲ ਖ੍ਰੀਦਦੇ ਹਨ । ਇਨ੍ਹਾਂ ਕੰਪਨੀਆਂ ਵੱਲੋਂ ਨਿਰਧਾਰਤ ਮੁੱਲ ’ਤੇ ਹੀ ਆਪਣਾ ਸਮਾਨ ਇਨ੍ਹਾਂ ਮੁੱਠੀ ਭਰ ਕੰਪਨੀਆਂ ਕੋਲ ਵੇਚਣ ਤੋਂ ਸਿਵਾਏ ਕਿਸਾਨ ਕੋਲ ਹੋਰ ਕੋਈ ਚਾਰਾ ਨਹੀਂ ਹੁੰਦਾ । ਇਸ ਕੀਮਤ ਨੂੰ ਇਹ ਮੁਠੀ ਭਰ ਕੰਪਨੀਆਂ ਤਹਿ ਕਰਦੀਆਂ ਹਨ । ਇਹ ਦਿਓ ਕੱਦ ਪ੍ਰਚੂਨ ਕੰਪਨੀਆਂ ਇਸ ਹਾਲਤ ਵਿੱਚ ਆਪਣੀ ਮਨਮਰਜੀ ਨਾਲ ਖ੍ਰੀਦ ਮੁੱਲ ਘਟਾਉਣ ਦੀ ਸਮਰੱਥਾ ਵਿੱਚ ਹੁੰਦੀਆਂ ਹਨ ਅਤੇ ਕਿਸਾਨਾਂ ਨੂੰ ਬਰਬਾਦੀ ਦੇ ਵੱਲ ਧੱਕਦੀਆਂ ਹਨ । ਯੂਰਪ ਅਤੇ ਅਮਰੀਕਾ ਵਿੱਚ ਖੇਤੀ ਵਾਲੇ ਪਰਿਵਾਰਾਂ ਦੀ ਤਬਾਹੀ ਦਾ ਇਹ ਹੀ ਇੱਕ ਕਾਰਣ ਹੈ ।

ਇਸ ਨੂੰ ਕੁੱਝ ਉਦਹਾਰਣਾਂ ਦੀ ਰੋਸ਼ਨੀ ਵਿੱਚ ਬਿਹਤਰ ਸਮਝਿਆ ਜਾ ਸੱਕਦਾ ਹੈ : ਪ੍ਰਚੂਨ ਵਪਾਰ ਵਿੱਚ ਹੋਏ ਇਸ ਅਲਪ ਏਕਾਅਧਿਕਾਰਵਾਦ ਦਾ ਕਿਸਾਨਾਂ ਉਪਰ ਪਿਆ ਪ੍ਰਭਾਵ ਕੁੱਝ ਇਕ ਹੇਠ ਦਿੱਤੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਜਿਵੇਂ ਸੁਪਰ ਬਜਾਰ ਵਿੱਚ ਖੁਰਾਕੀ ਸਮੱਗਰੀ ਉਪਰ ਖਰਚ ਹੋਏ ਹਰੇਕ ਡਾਲਰ – ਜਿਸ ਨੂੰ ਪ੍ਰਚੂਨ ਖਾਧ ਡਾਲਰ ਕਹਿੰਦੇ ਹਨ-ਦਾ ਕਿੰਨਾ ਹਿੱਸਾ ਕਿਸਾਨਾਂ ਦੇ ਕੋਲ ਪਹੁੰਚਦਾ ਹੈ।ਅਮਰੀਕਾ ਦੇ ਸੂਰ ਪਾਲਕਾਂ ਨੂੰ 1970 ਵਿੱਚ ਸੂਰ ਦੇ ਮੀਟ ਤੇ ਖਰਚੇ ਹਰੇਕ ਪ੍ਰਚੂਨ ਡਾਲਰ ਵਿੱਚੋਂ 48 ਸੈਂਟ ਮਿਲਦੇ ਸਨ । ਤਿੰਨ ਦਹਾਕੇ ਬਾਅਦ ਉਨ੍ਹਾਂ ਦਾ ਹਿੱਸਾ ਘੱਟ ਕੇ ਹਰੇਕ ਡਾਲਰ ਵਿੱਚ 12 ਸੈਂਟ ਰਹਿ ਗਿਆ । ਜਦ ਇਹ ਹੋਇਆ ਉਸ ਅਰਸੇ ਦੌਰਾਨ ਸੁਪਰ ਬਜਾਰ ਦੀਆਂ ਕੀਮਤਾਂ ਸਥਿਰ ਰਹੀਆਂ । ਇਸ ਤੋਂ ਸਪਸ਼ਟ ਹੈ ਕਿ ਸੁਪਰ ਬਜਾਰ ਨੇ ਇਸ ਸਾਰੇ ਮੁਨਾਫੇ ਨੂੰ ਹੜੱਪ ਲਿਆ । ਖਪਤਕਾਰਾਂ ਨੂੰ ਇਸਦਾ ਕੋਈ ਫਾਇਦਾ ਨਹੀਂ ਦਿੱਤਾ। ਬ੍ਰਿਟੇਨ ਵਿੱਚ ਖਪਤਕਾਰ 1.45 ਪੌਂਡ ਦੇਕੇ 4 ਪਿੰਟ (ਇੱਕ ਪਿੰਟ ਹੁੰਦਾ ਹੈ 0.57 ਲਿਟਰ ਦੇ ਬਰਾਬਰ) ਦੁੱਧ ਸੁਪਰ ਬਜਾਰ ਵਿੱਚੋਂ ਖ੍ਰੀਦਦਾ ਹੈ । ਇਸ ਵਿੱਚੋਂ ਕਿਸਾਨਾਂ ਨੂੰ ਕੇਵਲ 58 ਪੈਂਸ (40%) ਹੀ ਮਿਲਦਾ ਹੈ । ਬ੍ਰਿਟੇਨ ਦੇ ਦੁੱਧ

ਉਤਪਾਦਕ ਸੰਘ , ਰਾਇਲ ਐਸੋਸੀਏਸ਼ਨ ਦੇ ਮੁਤਾਬਕ ਦੁੱਧ ਉਤਪਾਦਕ ਕਿਸਾਨਾਂ ਨੂੰ ਹਰੇਕ ਚਾਰ ਪਿੰਟ ਉਪਰ ਤਿੰਨ ਪੈਂਸ ਦਾ ਨੁਕਸਾਨ ਝੱਲਣਾ ਪੈਂਦਾ ਹੈ । ਫਲਸਰੂਪ ਛੋਟੇ ਦੁੱਧ ਉਤਪਾਦਕ ਕਿਸਾਨਾਂ ਨੇ ਇਹ ਧੰਦਾ ਬੰਦ ਕਰ ਦਿੱਤਾ ਹੈ (38) ।

ਜਿੰਨਾ ਵੱਡਾ ਪ੍ਰਚੂਨ ਵਪਾਰੀ ਹੋਵੇਗਾ ਉਹ ਉਤਪਾਦਕਾਂ ਤੋਂ ਉ ਨੀ ਹੀ ਘੱਟ ਕੀਮਤ ਤੇ ਸਮਾਨ ਖ੍ਰੀਦਣ ਦੀ ਸਥਿਤੀ ਵਿੱਚ ਹੋਵੇਗਾ ।ਬ੍ਰਿਟਿਸ਼ ਮੁਕਾਬਲਾ ਕਮਿਸ਼ਨ ਨੇ ਆਪਣੇ ਅਧਿਅਨ ਵਿੱਚ ਇਹ ਪਾਇਆ ਹੈ ਕਿ ਟੈਸਕੋ ਜੋ ਬ੍ਰਿਟੇਨ ਦਾ ਸੱਭ ਤੋਂ ਵੱਡੇ ਸੁਪਰਬਜਾਰ ਹੈ , ਨੇ ਲਗਾਤਾਰ ਉਤਪਾਦਕਾਂ ਨੂੰ ਉਦਯੋਗਿਕ ਔਸਤ ਮੁਲ ਤੋਂ ਵੀ 4% ਘੱਟ ਦਿੱਤਾ ਹੈ । ਜਦ ਕਿ ਛੋਟੇ ਸੁਪਰ ਬਜਾਰਾਂ ਨੇ ਇਸ ਔਸਤ ਦਰ ਤੋਂ ਵੱਧ ਦਿੱਤਾ ਹੈ (39)।

ਛੋਟੇ ਕਿਸਾਨਾਂ ਦੀ ਸਥਿਤੀ ਇੰਨੀ ਬਿਗੜਦੀ ਜਾ ਰਹੀ ਹੈ ਕਿ ਫਰਬਰੀ 2008 ਵਿੱਚ ਯੂਰਪੀ ਸੰਸਦ ਨੇ ਇੱਕ ਮਤਾ ਇਹ ਕਹਿੰਦੇ ਹੋਏ ਪਾਸ ਕੀਤਾ: ਪੂਰੇ ਯੂਰਪੀ ਦੇਸ਼ਾਂ ਵਿੱਚ ਮੁੱਠੀ ਭਰ ਸੁਪਰ ਬਜਾਰਾਂ ਨੇ ਪ੍ਰਚੂਨ ਵਪਾਰ ਉਪਰ ਆਪਣਾ ਕਬਜਾ ਜਮਾ ਲਿਆ ਹੈ ......। ਸਾਰੇ ਯੂਰਪੀ ਦੇਸ਼ਾਂ ਵਿੱਚੋਂ ਮਿਲੇ ਸਾਰੇ ਤੱਥਾਂ ਤੋਂ ਇਹੀ ਜਾਹਿਰ ਹੁੰਦਾ ਹੈ ਕਿ ਸਾਰੇ ਸੁਪਰ ਬਜਾਰਾਂ ਨੇ ਆਪਣੀ ਖ੍ਰੀਦ ਸ਼ਕਤੀ ਦਾ ਦੁਰਉਪਯੋਗ ਕੀਤਾ ਹੈ । ਜਿਸ ਨਾਲ ਉਨ੍ਹਾਂ ਨੇ ਕਿਸਾਨਾਂ ਜਾਂ ਉਤਪਾਦਕਾਂ (ਯੂਰਪੀਅਨ ਯੂਨੀਅਨ ਦੇ ਅੰਦਰ ਜਾਂ ਬਾਹਰ) ਉਪਰ ਆਪਣੇ ਵੱਲੋਂ ਮਿਥੀਆਂ ਕੀਮਤਾਂ ਥੋਪੀਆਂ ਹਨ । ਇਹ ਇੰਨੀਆਂ ਘੱਟ ਹਨ ਕਿ ਇੰਨ੍ਹਾਂ ਨਾਲ ਧੰਦਾ ਚਲਾਇਆ ਹੀ ਨਹੀਂ ਜਾ ਸਕਦਾ ... । ਅਤੇ ਉਨ੍ਹਾਂ ਉਪਰ ਨਾ ਪੂਰੀਆਂ ਹੋਣ ਵਾਲੀਆਂ ਸ਼ਰਤਾਂ ਵੀ ਥੋਪੀਆਂ ਹਨ (40) ।

ਤੀਜੀ ਦੁਨੀਆ ਦੇ ਉਤਪਾਦਕਾਂ ਦੀ ਗਲ – ਘੋਟੂ ਲੁੱਟ

ਵੱਡੀਆਂ ਪ੍ਰਚੂਨ ਵਪਾਰ ਕੰਪਨੀਆਂ ਨੇ ਤੀਜੀ ਦੁਨੀਆਂ ਦੇ ਕਿਸਾਨਾਂ ਨੂੰ ਵੀ ਕੋਈ ਫਾਇਦਾ ਨਹੀਂ ਦਿੱਤਾ। ਇੱਕ ਦਹਾਕਾ ਪਹਿਲਾਂ ਤੀਜੀ ਦੁਨੀਆ ਦੇ ਕੌਫੀ ਉਤਪਾਦਕ 30 ਬਿਲੀਅਨ (3000 ਕਰੋੜ) ਡਾਲਰ ਦੇ ਸੰਸਾਰ ਬਜਾਰ ਵਿੱਚੋਂ 10 ਬਿਲੀਅਨ (1000 ਕਰੋੜ) ਡਾਲਰ ਦੀ ਕਮਾਈ ਕਰਦੇ ਸਨ । ਹੁਣ ਉਨ੍ਹਾਂ ਨੂੰ 60 ਬਿਲੀਅਨ (6000 ਕਰੋੜ) ਡਾਲਰ ਦੇ ਸੰਸਾਰ ਬਜਾਰ ਵਿੱਚੋਂ ਕੇਵਲ 6 ਬਿਲੀਅਨ (600 ਕਰੋੜ) ਡਾਲਰ ਹੀ ਮਿਲਦੇ ਹਨ । ਇਸੇ ਤਰ੍ਹਾਂ ਘਾਨਾ ਦੇ ਕੋਕੋ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਦੁੱਧ ਤੋਂ ਬਣੀ ਚਾਕਲੇਟ ਦੀ ਕੀਮਤ ਦਾ ਕੇਵਲ 3.9 % ਹੀ ਮਿਲ ਪਾਉਂਦਾ ਹੈ ਜਦ ਕਿ ਪ੍ਰਚੂਨ ਵਪਾਰੀ ਇਸ ਵਿੱਚੋਂ 34.1 % ਮੁਨਾਫਾ ਮੁੱਛ ਲੈਂਦੇ ਹਨ (41) । ਬ੍ਰਿਟੇਨ ਵਿੱਚ ਖ੍ਰੀਦਦਾਰਾਂ ਦੁਆਰਾ ਕੇਲੇ ’ਤੇ ਖਰਚ ਕੀਤੇ ਗਏ ਹਰੇਕ ਪੌਂਡ ਵਿੱਚੋਂ, ਇਕਵਾਡੋਰ ਦੇ ਕੇਲਾ ਉਤਪਾਦਕਾਂ ਨੂੰ ਕੇਵਲ 1.5 ਪੈਂਸ ਮਿਲਦਾ ਹੈ ਅਤੇ ਕਰੀਬ 40% ਸੁਪਰ ਬਜਾਰ ਕੋਲ ਚਲਿਆ ਜਾਂਦਾ ਹੈ । ਜਦ ਕਿ ਬਾਕੀ ਦਾ ਹਿੱਸਾ ਵਪਾਰੀ ਕੰਪਨੀਆਂ ਦੀਆਂ ਜੇਬਾਂ ਵਿੱਚ ਚਲਿਆ ਜਾਂਦਾ ਹੈ (39) । ਜਿਥੇ ਅਫਰੀਕੀ ਉਤਪਾਦਕਾਂ ਨੂੰ ਇਕ ਬਰਾਮਦੀ ਸੇਬ ਵਿੱਚੋਂ ਪ੍ਰਚੂਨ ਕੀਮਤ ਦਾ 9% ਮਿਲਦਾ ਹੈ , ਉਥੇ ਹੀ ਬ੍ਰਿਟੇਨ ਦੇ ਸਮੁੰਦਰੋਂ ਪਾਰ ਦੇ ਪ੍ਰਚੂਨ ਵਪਾਰੀ 42% ਹਿੱਸਾ ਹੜੱਪ ਲੈਂਦੇ ਹਨ (42)।

ਗੈਰ ਵਾਜਬ ਸ਼ਰਤਾਂ ਦਾ ਮੜ੍ਹਨਾ

ਵੱਡੀਆਂ ਪ੍ਰਚੂਨ ਨਿਗਮਾਂ ਦੇ ਕੋਲ ਛੋਟੇ ਕਿਸਾਨਾਂ ਦੀ ਲੁੱਟ ਕਰਨ ਦੇ ਹੋਰ ਤਰੀਕੇ ਵੀ ਹਨ , ਜਿਵੇਂ ਉਨ੍ਹਾਂ ਦੇ ਰਾਹੀਂ ਉਤਪਾਦਨ ਕੀਤੇ ਮਾਲ ਉਪਰ ਕਰੜੇ ਮਾਪ- ਦੰਡ ਲਗਾਉਣਾ । ਉਤਪਾਦਕਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਉਤਪਾਦਨ, ਪ੍ਰਚੂਨ ਨਿਗਮਾਂ ਦੁਆਰਾ ਬਣਾਏ ਮਾਪ-ਦੰਡਾਂ ਦੀ ਇੰਨ ਬਿੰਨ ਪੂਰਤੀ ਕਰਨ

। ਉਪਜ ਦੀ ਮਿਕਦਾਰ ਨੂੰ ਥੋੜ੍ਹੇ ਅਰਸੇ ਦੇ ਨੋਟਿਸ ਤੇ ਹੀ ਬਜਾਰਾਂ ਦੇ ਥੋੜ੍ਹ-ਚਿਰੇ ਰੁਝਾਨਾਂ ਦੇ ਅਨੁਸਾਰ ਬਦਲਣ। ਉਤਪਾਦਾਂ ਨੂੰ ਗਲਣ – ਸੜਣ ਤੋਂ ਬਚਾਉਣ ਲਈ ਅਤੇ ਉਨ੍ਹਾਂ ਦੇ ਰੱਖ ਰਖਾਓ ਲਈ ਸ਼ੀਤ ਭੰਡਾਰ (ਕੋਲਡ ਸਟੋਰਜ਼) ਦਾ ਇੰਤਜਾਮ ਕਰਨ ਆਦਿ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਲਈ ਸਿੰਚਾਈ, ਢੋ-ਢੁਆਈ, ਭੰਡਾਰਣ ਸੁਵਿਧਾ ਅਤੇ ਪੈਕਿੰਗ ਤਕਨੀਕ ਵਾਸਤੇ, ਵੱਡੀ ਮਾਤਰਾ ਵਿੱਚ ਪੂੰਜੀ ਲਗਾਉਣ ਦੀ ਲੋੜ ਹੈ । ਵੱਡੀ ਤਦਾਦ ਵਿੱਚ ਛੋਟੇ ਉਤਪਾਦਕਾਂ ਦੇ ਕੋਲ ਨਾ ਤਾਂ ਆਰਥਕ ਸ੍ਰੋਤ ਹਨ ਅਤੇ ਨਾ ਹੀ ਪ੍ਰਬੰਧਕੀ ਸਾਧਨ। ਇਸ ਕਰਕੇ ਉਹ ਪ੍ਰਚੂਨ ਨਿਗਮ ਖ੍ਰੀਦਦਾਰਾਂ ਦੀਆਂ ਮੰਗਾਂ ਦੀ ਪੂਰਤੀ ਕਰਨ ਵਿੱਚ ਅਸਮਰੱਥ ਹੋ ਜਾਂਦੇ ਹਨ । ਨਤੀਜੇ ਵਜੋਂ ਜਿਆਦਾਤਰ ਛੋਟੇ ਕੰਮ ਧੰਦੇ ਵਾਲੇ ਕਿਸਾਨਾਂ ਨੂੰ ਵੱਡੇ ਕਿਸਾਨਾਂ ਅਤੇ ਖੁਦ ਨਿਗਮਾਂ ਦੁਆਰਾ ਬੇਬੱਸ ਕੀਤਾ ਜਾਂਦਾ ਹੈ ਤਾਂਕਿ ਉਹ ਕਾਰੋਬਾਰ ਵਿੱਚੋਂ ਲਾਂਭੇ ਹੋ ਜਾਣ (39)।

ਉਦਹਾਰਣ ਦੇ ਲਈ, ਆਓ ਵੇਖੀਏ ਕਿ ਬਰਾਜ਼ੀਲ ਵਿੱਚ ਨੈਸਲੇ (ਸਵਿਸ ਮੂਲ ਦੀ ਬਹੁ ਕੌਮੀ ਕੰਪਨੀ) ਨੇ ਅਤੇ ਪਾਰਮਲਾਟ (ਇਟਲੀ ਦੀ ਬਹੁ ਕੌਮੀ ਕੰਪਨੀ) ਨੇ ਕੀ ਕੀਤਾ ? ਇਨ੍ਹਾਂ ਨੇ ਪਹਿਲਾਂ ਦੇਸ਼ ਦੀ ਦੁੱਧ ਸਹਿਕਾਰਤਾ ਉਤੇ ਹਮਲਾਵਰ ਤਰੀਕੇ ਨਾਲ ਸਰਦਾਰੀ ਕਾਇਮ ਕਰ ਲਈ। ਫਿਰ ਉਨ੍ਹਾਂ ਤੇ ਅਜਿਹੇ ਮਾਪ-ਦੰਡ ਥੋਪਣੇ ਸੁਰੂ ਕਰ ਦਿੱਤੇ ਜਿਨ੍ਹਾਂ ਨੂੰ ਪੂਰਾ ਕਰ ਸਕਣਾ ਛੋਟੇ ਕਿਸਾਨਾਂ ਦੇ ਲਈ ਬਹੁਤ ਹੀ ਮੁਸ਼ਕਲ ਸੀ। ਉਨ੍ਹਾਂ ਦੀ ਮੰਗ ਸੀ ਕਿ ਦੁੱਧ ਠੰਢਾ ਰੱਖਣ ਦੇ ਟੈਂਕ ਕਿਸਾਨ ਆਪਣੇ ਖੇਤਾਂ ਵਿੱਚ ਲਗਾਉਣ। ਸੱਭ ਤੋਂ ਛੋਟੇ ਟੈਂਕ ਦੀ ਸਮਰੱਥਾ ਘੱਟ ਤੋਂ ਘੱਟ 100 ਲੀਟਰ ਦੀ ਹੁੰਦੀ ਹੈ ਜਦ ਕਿ ਔਸਤ ਕਿਸਾਨ ਕੇਵਲ 50 ਲੀਟਰ ਦੁੱਧ ਹੀ ਰੋਜਾਨਾ ਕੱਢ ਸੱਕਦਾ ਹੈ। ਜਿਆਦਾਤਰ ਛੋਟੇ-ਛੋਟੇ ਕਿਸਾਨ ਕੂਲਰ ਲਗਾਉਣ ਦਾ ਖਰਚਾ ਨਹੀਂ ਸਹਿ ਸਕਦੇ ਸਨ।ਇਹ ਕੂਲਰ ਉਨ੍ਹਾਂ ਦੀ ਲੋੜ ਵੀ ਨਹੀਂ ਸਨ। ਅਜਿਹੀਆਂ ਸ਼ਰਤਾਂ ਨੇ 50 ਹਜਾਰ ਦੁੱਧ ਉਤਪਾਦਕ ਕਿਸਾਨਾਂ ਨੂੰ ਨਿਗਮ ਦੀ ਦੁੱਧ ਦੀ ਸਪਲਾਈ ਲੜੀ ਵਿੱਚੋਂ ਬਾਹਰ ਕੱਢ ਦਿੱਤਾ । ਫਲਸਰੂਪ ਕਈ ਲੋਕਾਂ ਨੂੰ ਆਪਣਾ ਧੰਦਾ ਹੀ ਛੱਡਣਾ ਪਿਆ (39)। ਇਸੇ ਤਰ੍ਹਾਂ , ਅਰਜਨਟਾਈਨਾ ਵਿੱਚ ਦੁੱਧ ਸਪਲਾਈ ਦੀਆਂ ਲੜੀਆਂ ਨਿਗਮ ਵਿੱਚ ਸਮਾ ਗਈਆਂ । ਇਸ ਨਾਲ 1983 ਵਿੱਚਲੇ 40 ਹਜਾਰ ਦੁੱਧ ਉਤਪਾਦਕ ਕਿਸਾਨਾਂ ਦੀ ਗਿਣਤੀ ਘੱਟ ਕੇ 2001 ਵਿੱਚ ਕੇਵਲ 15 ਹਜਾਰ ਰਹਿ ਗਈ ਸੀ (31) ।ਮੈਕਸੀਕੋ ਦੇ ਪ੍ਰਚੂਨ ਵਪਾਰ ਉਪਰ ਵਾਲਮਾਰਟ ਦੀ ਜ਼ਾਲਮਾਨਾ ਸਰਦਾਰੀ ਅਜਿਹੇ ਹੀ ਵਰਤਾਰੇ ਲਈ ਇੱਕ ਅਹਿਮ ਕਾਰਣ ਬਣੀ ਹੈ । ਇਸਦੀ ਵਜਾਹ ਨਾਲ 1.25 ਮਿਲੀਅਨ (12.5 ਲੱਖ) ਤੋਂ ਵੱਧ ਛੋਟੇ ਕਿਸਾਨਾਂ ਨੂੰ ਪਿਛਲੇ ਦੋ ਦਹਾਕਿਆਂ ਦੌਰਾਨ ਖੇਤੀ ਛੱਡਣੀ ਪਈ । ਇਹ ਦੇਸ਼ ਦੇ ਕਿਸਾਨਾਂ ਦਾ 25% ਹਨ (38)।

ਬ੍ਰਿਟਸ਼ ਮੁਕਾਬਲਾ ਕਮਿਸ਼ਨ ਨੇ 1999 ਵਿੱਚ ਆਪਣੀ ਪੜਤਾਲ ਵਿੱਚ ਕੁੱਝ ਅਜਿਹਾ ਹੀ ਖੁਲਾਸਾ

ਕੀਤਾ ਸੀ । ਉਸਨੇ ਲੱਭਿਆ ਕਿ ਕਰਿਆਨਾ ਸੁਪਰ ਬਜਾਰਾਂ ਨੂੰ ਮਾਲ ਸਪਲਾਈ ਕਰਨ ਵਾਲਿਆਂ ਨੂੰ ਵੱਡੇ ਪ੍ਰਚੂਨ ਵਪਾਰੀਆਂ ਨੇ ਅਣਗਿਣਤ ਸ਼ਰਤਾਂ ਮੰਨਣ ਲਈ ਮਜਬੂਰ ਕੀਤਾ । ਇਨ੍ਹਾਂ ਹਰਬਿਆਂ ਵਿੱਚ ਸ਼ਾਮਲ ਸਨ ਕੀਮਤ ਘਟਾਉਣਾ , (ਕਦੀ –ਕਦੀ ਪਿਛਲੀ ਮਿਤੀ ਤੋਂ) ਅਤੇ ਟੈਕਸ ਲਗਾਉਣਾ। ਬਿਨਾ ਕਿਸੇ ਵਾਜਬ ਅਗਾਊਂ ਸੂਚਨਾ ਦੇ, ਠੇਕੇ ਦੇ ਸਮਝੌਤੇ ਨੂੰ ਬਦਲਣਾ । ਬਿਨਾ ਕਿਸੇ ਠੋਸ ਵਜਾਹ ਦੇ ਘਾਟੇ ਨੂੰ ਮੁੱਖ ਧਿਰ ਦੀ ਬਜਾਏ, ਸਪਲਾਈ ਕਰਨ ਵਾਲੇ ਦੇ ਸਿਰ ਉਪਰ ਮੜ੍ਹ ਦੇਣ ਵਰਗੀਆਂ ਸ਼ਰਤਾਂ ਸਮੇਤ ਕਈ ਸ਼ਰਤਾਂ ਨੂੰ ਮੰਨਣ ਲਈ ਪਾਬੰਦ ਹੋਣਾ ਪਿਆ ਸੀ। ਅਜਿਹੇ ਵਤੀਰਿਆਂ ਨੇ ਸਪਲਾਈ ਲੜੀ ਵਿੱਚ ਸ਼ਾਮਲ ਕਿਸਾਨਾਂ ਅਤੇ ਕਾਮਿਆਂ ਦੀ ਆਮਦਨ ਨੂੰ ਖੋਰਾ ਲਾ ਦਿੱਤਾ (42) ।

ਬਹੁ ਕੌਮੀ ਕੰਪਨੀਆਂ ਆਪਣੀਆਂ ਏਕਾਅਧਿਕਾਰ ਸ਼ਕਤੀਆਂ ਦਾ ਲਾਭ ਉਠਾ ਕੇ, ਛੋਟੇ ਕਿਸਾਨਾਂ ਦੇ ਨਾਲ ਗੈਰ-ਵਾਜਬ ਵਪਾਰ ਦੇ ਅਮਲ ਵਿੱਚ ਲਿਪਤ ਹੋ ਜਾਂਦੀਆਂ ਹਨ। ਇਨ੍ਹਾਂ ਵਿੱਚ ਜੋ ਮੁੱਦੇ ਸ਼ਾਮਲ ਹੋ ਸਕਦੇ ਹਨ ਉਹ ਹਨ: ਉਤਪਾਦਾਂ ਦੇ ਬਦਲੇ ਕੀਤੇ ਜਾਣ ਵਾਲੇ ਭੁਗਤਾਨ ਵਿੱਚ ਦੇਰੀ, ਆਖਰੀ ਸਮੇ ਤੇ ਕੀਮਤਾਂ ਘਟਾ ਦੇਣਾ , ਪਹਿਲਾਂ ਨਿਰਧਾਰਤ ਮਾਤਰਾ ਤੋਂ ਘੱਟ ਮਾਤਰਾ ਵਿੱਚ ਉਤਪਾਦ ਖ਼੍ਰੀਦਣਾ , ਸਮਾਨ ਦੀ ਗੁਣਵੰਤਾ ਅਤੇ ਮਾਪ -ਤੋਲ ਦੇ ਅਮਲ ਦਾ ਪਾਰਦਰਸ਼ੀ ਨਾ ਹੋਣਾ, ਕਰਜੇ ਉਪਰ ਵੱਧ ਵਿਆਜ ਲਗਾਉਣਾ ਅਤੇ ਗੁਣਵੰਤਾ ਦੇ ਮਾਪ-ਦੰਡਾਂ ਨੂੰ ਲੋੜੀਂਦੀ ਵਾਜਬ ਸੂਚਨਾ ਦੇ ਬਿਨਾ ਹੀ ਬਦਲ ਦੇਣਾ (39)।

ਭਾਰਤ ਦੇ ਛੋਟੇ ਕਿਸਾਨਾਂ ਉਪਰ ਇਸਦਾ ਪ੍ਰਭਾਵ

ਇਨ੍ਹਾਂ ਸਾਰੇ ਸਬੂਤਾਂ ਦੀ ਰੋਸਨੀ ਵਿੱਚ ਇਹ ਸਪਸ਼ਟ ਹੈ ਕਿ ਭਾਰਤ ਦੇ ਖਾਧ- ਖੁਰਾਕ ਬਜਾਰ ਵਿੱਚ ਵੱਡੀਆਂ ਪ੍ਰਚੂਨ ਕੰਪਨੀਆਂ ਦੇ ਪ੍ਰਵੇਸ਼ ਨਾਲ 650 ਮਿਲੀਅਨ (65 ਕਰੋੜ) ਕਿਸਾਨਾਂ ਉਪਰ ਤਬਾਹਕੁਨ ਪ੍ਰਭਾਵ ਪਏਗਾ ।

ਮੌਜੂਦਾ ਸਥਿਤੀ ਵਿੱਚ ਏ ਪੀ ਐਮ ਸੀ (ਖੇਤੀ ਉਤਪਾਦਨ ਬਜਾਰ ਮਰਕੀਟ ਸੰਮਤੀ) ਕਿਸਾਨਾ ਦੀ ਮਦਦ ਕਰਦੀ ਹੈ । ਇਹ ਸੰਮਤੀ ਦੇਸ਼ ਵਿੱਚ ਰਾਜ ਸਰਕਾਰਾਂ ਦੁਆਰਾ ਸਥਾਪਤ, ਇੱਕ ਮੰਡੀਕਰਨ ਬੋਰਡ ਹੈ । ਇਹ ਬੋਰਡ ਕਿਸਾਨਾਂ ਨੂੰ ਆਪਣੀ ਫਸਲ ਜਾਂ ਹੋਰ ਉਤਪਾਦਨ ਵਪਾਰੀ ਜਾਂ ਉਸਦੇ ਪ੍ਰਤੀਨਿਧ ਨੂੰ ਸਹੀ ਕੀਮਤ ’ਤੇ ਵੇਚਣ ਵਿੱਚ ਮਦਦ ਕਰਦਾ ਹੈ ।ਮੌਜੂਦਾ ਸਥਿੱਤੀ ਵਿੱਚ ਏ ਪੀ ਐਮ ਸੀ ਕਾਨੂੰਨ ਦੀ ਵਜਾਹ ਕਰਕੇ ਕਿਸਾਨਾਂ ਦੇ ਕੋਲ ਇੱਕ ਬਦਲ ਉਪਲਬਧ ਹੈ। ਉਹ ਆਪਣੇ ਖੇਤੀ ਉਤਪਾਦਨ ਨੂੰ ਜਾਂ ਤਾਂ ਮੰਡੀ ਵਿੱਚ ਖੁਦ ਜਾਂ ਕਿਸੇ ਏਜੰਟ ਰਾਹੀਂ ਉਸ ਖ਼੍ਰੀਦਦਾਰ ਕੋਲ ਵੇਚ ਸਕਦੇ ਹਨ, ਜੋ ਉਨ੍ਹਾਂ ਨੂੰ ਸੱਭ ਤੋਂ ਬਿਹਤਰ ਕੀਮਤ ਦਿੰਦਾ ਹੈ। ਕਿਉਂਕਿ ਗਾਹਕ ਕੋਈ ਇੱਕਲਾ ਕਹਿਰਾ ਨਹੀਂ, ਇਸ ਲਈ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਨ ਦੀ ਚੰਗੀ ਕੀਮਤ ਮਿਲ ਜਾਂਦੀ ਹੈ। ਹੁਣ ਕੇਂਦਰ ਸਰਕਾਰ ਰਾਜ ਸਰਕਾਰਾਂ ਉਪਰ ਏ ਪੀ ਐਮ ਸੀ (**APMC**) ਵਿੱਚ ਸੋਧ ਕਰਨ ਲਈ ਦਬਾਅ ਪਾ ਰਹੀ ਹੈ। ਇਹ ਅਜਿਹਾ ਬਦਲਾਅ ਕਰਨਾ ਚਾਹੁੰਦੀ ਹੈ , ਜਿਸ ਨਾਲ ਖੇਤੀ ਵਪਾਰ ਨਿਗਮਾਂ (**Agri Buisness Corporations)** ਨੂੰ ਕਿਸਾਨਾਂ ਨਾਲ ਸਿੱਧੇ ਸੰਪਰਕ ਵਿੱਚ ਆਉਣ ਦਾ ਮੌਕਾ ਮਿਲ ਸਕੇ (48) । ੳੜਕ ਇਸਦਾ ਨਤੀਜਾ ਇਹੀ ਹੋਵੇਗਾ ਕਿ ਮੰਡੀ ਵਿਵਸਥਾ ਪੂਰੀ ਤਰ੍ਹਾਂ ਨਸ਼ਟ ਹੋ ਜਾਵੇਗੀ । ਇਹ ਇਸ ਲਈ ਕਿ ਇਨ੍ਹਾਂ ਬਹੁ ਕੌਮੀ ਕੰਪਨੀਆਂ ਦੇ ਕੋਲ ਅਥਾਹ ਆਰਥਕ ਸ਼ਕਤੀ ਹੈ । ਇਹ ਸੁਰੂਆਤ ਵਿੱਚ ਕਿਸਾਨਾਂ ਨੂੰ ਮੰਡੀ ਦੇ ਮੁਕਾਬਲੇ ਬਿਹਤਰ ਕੀਮਤ ਅਦਾ ਕਰਨਗੀਆਂ (ਜਿਵੇਂ ਕਿ ਇਹ ਬਹੁਤੇ ਰਾਜਾਂ ਵਿੱਚ ਅਜਿਹਾ ਕਰ ਵੀ ਰਹੀਆਂ ਹਨ) ਇਸ ਤਰ੍ਹਾਂ ਆਉਣ ਵਾਲੇ ਸਾਲਾਂ ਵਿੱਚ ਬਹੁ ਕੌਮੀ ਕੰਪਨੀਆਂ ਹੌਲੀ ਹੌਲੀ ਕਿਸਾਨਾਂ ਤੋਂ ਖੇਤੀ ਉਤਪਾਦਨਾਂ ਨੂੰ ਖ਼੍ਰੀਦਣ ਦੇ ਪ੍ਰਬੰਧ ਉਪਰ ਆਪਣਾ ਏਕਾ ਅਧਿਕਾਰ ਜਮਾ ਲੈਣਗੀਆਂ ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਿਆ ਹੈ, ਬਹੁ ਕੌਮੀ ਕੰਪਨੀਆਂ ਕੀਮਤਾਂ ਨੂੰ ਲੈਕੇ ਆਪਸ ਵਿੱਚ ਮੁਕਾਬਲੇ ਵਿੱਚ ਨਹੀਂ ਪੈਂਦੀਆਂ। ਅਜਿਹੇ ਵਿੱਚ ਜਾਂ ਤਾਂ ਉਹ ਵੱਖ ਵੱਖ ਖੇਤਰਾਂ ਵਿੱਚ ਕੰਮ ਕਰਨਗੀਆਂ ਜਾਂ ਫਿਰ ਮਿਲ ਜੁਲ ਕੇ ਕੀਮਤਾਂ ਤਹਿ ਕਰਨਗੀਆਂ । ਇੱਕ ਵਾਰ ਜੇਕਰ ਮੰਡੀਆਂ ਬੰਦ ਹੋ ਗਈਆਂ ਅਤੇ ਬਹੁ ਕੌਮੀ ਕੰਪਨੀਆਂ ਨੇ ਖ਼੍ਰੀਦ ਪ੍ਰਣਾਲੀ ਉਪਰ ਸਰਦਾਰੀ ਕਾਇਮ ਕਰ ਲਈ ਤਾਂ ਫਿਰ ਉਹ ਖ਼੍ਰੀਦ ਕੀਮਤਾਂ ਵਿੱਚ ਵੀ ਕਮੀ ਲਿਆਉਣਾ ਸੁਰੂ ਕਰ ਦੇਣਗੀਆਂ । ਅਜਿਹਾ ਸੱਭ ਕੁੱਝ ਉਨ੍ਹਾਂ ਨੇ ਸਮੁੱਚੇ ਸੰਸਾਰ ਵਿੱਚ ਕੀਤਾ ਹੈ। ਕਿਸਾਨਾਂ ਦੇ ਕੋਲ ਉਨ੍ਹਾਂ ਨੂੰ ਹੀ ਆਪਣਾ ਉਤਪਾਦਨ ਵੇਚਣ ਦੇ ਇਲਾਵਾ ਕੋਈ ਚਾਰਾ ਵੀ ਨਹੀਂ ਹੋਵੇਗਾ । ਇਸ ਤੋਂ ਇਲਾਵਾ

ਵੱਡੇ ਪ੍ਰਚੂਨ ਨਿਗਮ ਹੁਣ ਅਜਿਹੀ ਸਥਿਤੀ ਵਿੱਚ ਹੋਣਗੇ ਕਿ ਉਹ ਕਿਸਾਨਾਂ ਉਪਰ ਵਸਤੂਆਂ ਦੀ ਗੁਣਵੰਤਾ ਬਣਾਈ ਰੱਖਣ ਅਤੇ ਉਸਦੀ ਸਪਲਾਈ ਦੀ ਸਮਾ ਸਾਰਣੀ ਨੂੰ ਲੈ ਕੇ ਕਰੜੀਆਂ ਸ਼ਰਤਾਂ ਮੜ੍ਹ ਸੱਕਣਗੇ । ਅਜਿਹੀਆਂ ਸ਼ਰਤਾਂ ਨੂੰ ਸਾਡੇ ਟਮਾਟਰ ਅਤੇ ਆਲੂ ਦੇ ਉਤਪਾਦਕ ਕਿਸਾਨਾਂ ਦੇ ਲਈ ਪੂਰਾ ਕਰ ਸਕਣਾ ਬਹੁਤ ਮੁਸ਼ਕਿਲ ਹੋਵੇਗਾ ।

ਅੰਤ ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ "ਭਾਰਤੀ ਕਿਸਾਨਾਂ ਦੇ ਹੋਰ ਮਿੱਤਰਾਂ" ਦੇ ਦਾਅਵੇ ਉਪਰ ਇੱਕ ਨਜਰ ਮਾਰਦੇ ਹਾਂ । ਉਹ ਕਹਿੰਦੇ ਹਨ ਕਿ ਪ੍ਰਚੂਨ ਵਿੱਚ ਐਫ ਡੀ ਆਈ ਆਉਣ ਨਾਲ ਆਧੁਨਿਕ ਭੰਡਾਰਣ ਦੀਆਂ ਸਹੂਲਤਾਂ ਦਾ ਨਿਰਮਾਣ ਹੋਵੇਗਾ। ਇਨ੍ਹਾਂ ਸਹੂਲਤਾਂ ਕਾਰਨ ਦੇਸ਼ ਵਿੱਚ ਫਸਲ ਤੋਂ ਮਗਰੋਂ ਫਲ-ਸਬਜੀਆਂ ਨੂੰ ਨੁਕਸਾਨ ਨਹੀਂ ਹੋਵੇਗਾ ਅਤੇ ਕਿਸਾਨਾਂ ਨੂੰ ਲਾਭ ਹੋਵੇਗਾ । ਇਹ ਇੱਕ ਹਾਸੋਹੀਣਾ ਤਰਕ ਹੈ । ਇਹ ਤਾਂ ਸਰਕਾਰ ਦਾ ਫਰਜ ਹੈ ਕਿ ਸਰਵਜਨਕ ਖੇਤਰ ਵਿੱਚ ਅਜਿਹੀਆਂ ਸਹੂਲਤਾਂ ਮੁਹੱਈਆ ਕਰਵਾਏ । ਜਾਂ ਫਿਰ ਸਰਕਾਰ ਸਬਸਿਡੀਆਂ ਅਤੇ ਹੋਰ ਲਾਭ ਦੇਕੇ ਕਿਸਾਨ ਦੀਆਂ ਸਹਿਕਾਰੀ ਸਭਾਵਾਂ ਰਾਹੀਂ ਇਨ੍ਹਾਂ ਸਹੂਲਤਾਂ ਦਾ ਨਿਮਾਣ ਕਰਵਾਏ । ਉਥੇ ਹੀ ਦੂਜੇ ਪਾਸੇ ਜੇਕਰ ਵਿਦੇਸ਼ੀ ਬਹੁ ਕੌਮੀ ਪ੍ਰਚੂਨ ਵਪਾਰੀਆਂ ਨੇ ਅਜਿਹੀਆਂ ਸਹੂਲਤਾਂ ਦਾ ਨਿਰਮਾਣ ਕੀਤਾ ਤਾਂ ਉਹ ਅਜਿਹਾ ਆਪਣੇ ਲਾਭ ਲਈ ਕਰਨਗੇ ਨਾ ਕਿ ਕਿਸਾਨਾਂ ਦੇ ਖਾਤਰ । ਬਹੁ ਕੌਮੀ ਕੰਪਨੀਆਂ ਕੋਈ ਸਮਾਜ ਸੇਵਕ (ਸੋਸ਼ਲ ਵਰਕਰ) ਤਾਂ ਹੈ ਨਹੀਂ!

ਫਿਰ ਸਰਕਾਰ ਅਜਿਹੀਆਂ ਸਹੂਲਤਾਂ ਦੇ ਨਿਰਮਾਣ ਵਿੱਚ ਨਿਵੇਸ਼ ਕਿਉਂ ਨਹੀਂ ਕਰ ਰਹੀ ? ਕਿਉਂ ਇਹ, ਖੇਤੀ ਵਪਾਰਕ ਕਾਰਪੋਰੇਸ਼ਨਾਂ ਅਤੇ ਵੱਡੇ ਪ੍ਰਚੂਨ ਵਪਾਰੀਆਂ ਵੱਲੋਂ ਅਜਿਹਾ ਕਰਨ ਵਿੱਚ ਸਹਾਇਕ ਬਣ ਰਹੀ ਹੈ ? ਇਹ ਇੱਕ ਘਿਣਾਉਣੇ ਸੰਸਾਰੀਕਰਨ (ਗਲੋਬੇਲਾਈਜ਼ੇਸ਼ਨ) ਅਜੰਡੇ (ਇਸ ਬਾਬਤ ਇਸ ਪੁਸਤਕ ਵਿੱਚ ਅੱਗੇ ਵਿਸਤਾਰ ਨਾਲ ਸਮਝਾਇਆ ਗਿਆ ਹੈ) ਦਾ ਹਿੱਸਾ ਹੈ । ਜਿਸ ਅਜੰਡੇ ਨੂੰ ਭਾਰਤ ਦੇ ਗੁਲਾਮ ਹਾਕਮ, ਸੰਸਾਰ ਬੈਂਕ ਅਤੇ ਵਿਦੇਸ਼ੀ ਕਰਜਦਾਤਿਆਂ ਦੇ ਹੁਕਮਾਂ ਅਧੀਨ ਲਾਗੂ ਕਰ ਰਹੇ ਹਨ। ਦੁਨੀਆ ਦੇ ਖੇਤੀ ਵਪਾਰ ਨਿਗਮ, ਭਾਰਤ ਦੇ ਖੇਤੀ ਖੇਤਰ ਉਪਰ ਆਪਣਾ ਕੰਟਰੋਲ ਕਰਨਾ ਚਾਹੁੰਦੇ ਹਨ । ਇਸਦੇ ਲਈ ਉਹ ਭਾਰਤ ਸਰਕਾਰ ਉਪਰ ਦਬਾਅ ਪਾ ਰਹੇ ਹਨ ਕਿ ਉਹ ਖੇਤੀ ਵਿੱਚ ਖਰਚ ਕੀਤੇ ਜਾਣ ਵਾਲੇ ਆਪਣੇ ਬਜਟ ਵਿੱਚ ਕਟੌਤੀ ਕਰੇ । ਅਤੇ ਭਾਰਤ ਸਰਕਾਰ ਉਨ੍ਹਾਂ ਦੀਆਂ ਇਛਾਵਾਂ ਦੀ ਸਿਰ ਨਿਵਾ ਕੇ ਪੂਰਤੀ ਕਰ ਰਹੀ ਹੈ (58)।

ਪਿਛਲੇ ਦੋ ਦਹਾਕਿਆਂ ਵਿੱਚ ਜਦ ਤੋਂ ਭਾਰਤ ਸਰਕਾਰ ਨੇ ਦੇਸ਼ ਦੀ ਅਰਥਵਿਵਸਥਾ ਨੂੰ "ਭਾਰਤੀ ਕਿਸਾਨ ਦੀ ਸਹਾਇਤਾ" ਦੇ ਨਾਮ ਹੇਠਾਂ ਐਫ ਡੀ ਆਈ ਦੇ ਨਿਵੇਸ਼ ਲਈ ਪੂਰੀ ਛੋਟ ਦੇ ਦਿੱਤੀ ਹੈ, ਤਦ ਤੋਂ ਉਠਾਏ ਹਰ ਕਦਮ ਦਾ ਉਲਟਾ ਹੀ ਅਸਰ ਹੋ ਰਿਹਾ ਹੈ। ਇਨ੍ਹਾਂ ਨੇ ਕਿਸਾਨਾਂ ਦੇ ਕਰਜੇ ਨੂੰ ਦੁਗਣਾ ਕਰ ਦਿੱਤਾ ਹੈ । ਅਤੇ ਦੇਸ਼ ਵਿੱਚ ਕਿਸਾਨਾਂ ਦੀਆਂ ਖੁਦਕਸ਼ੀਆਂ ਦੀ ਇੱਕ ਲਹਿਰ ਨੂੰ ਜਨਮ ਦਿੱਤਾ ਹੈ, ਜੋ ਦੇਸ਼ ਵਿੱਚ ਪਹਿਲਾਂ ਕਦੀ ਨਹੀਂ ਹੋਇਆ । ਇਸਦੇ ਇਲਾਵਾ 75 ਲੱਖ ਕਿਸਾਨਾਂ ਨੇ ਇੱਕ ਦਹਾਕੇ ਵਿੱਚ ਖੇਤੀ ਛੱਡ ਦਿੱਤੀ ਹੈ (36) । ਅਜਿਹੀਆਂ ਨੀਤੀਆਂ ਵਿੱਚ ਤਾਜੀ ਨੀਤੀ ਜੋ ਕਿ ਪ੍ਰਚੂਨ ਵਿੱਚ ਐਫ ਡੀ ਆਈ ਨਿਵੇਸ਼ ਦੀ ਹੈ, ਦਾ ਹੋਰ ਵੀ ਤਬਾਹਕੁਨ ਪ੍ਰਭਾਵ ਪਵੇਗਾ ।

7. ਵੱਡੇ ਪ੍ਰਚੂਨ ਵਪਾਰੀ ਛੋਟੇ ਵਪਾਰ ਨੂੰ ਵੀ ਤਬਾਹ ਕਰਦੇ ਹਨ

ਵਾਲ ਮਾਰਟ ਵਰਗੇ ਵੱਡੇ ਪ੍ਰਚੂਨ ਵਪਾਰੀ ਦੇ ਕੋਲ ਇਤਨੀ ਆਰਥਕ ਤਾਕਤ ਹੈ ਕਿ ਉਹ ਦੁਨੀਆ ਦੇ

ਪੱਧਰ ਤੇ ਸੱਭ ਤੋਂ ਘੱਟ ਕੀਮਤ ਦਾ ਸਮਾਨ ਬਣਾਉਣ ਵਾਲੇ ਉਤਪਾਦਕਾਂ ਤੋਂ ਸਮਾਨ ਲੈ ਸਕਦਾ ਹੈ, ਜਿਵੇਂ ਕਿ ਚੀਨ ਤੋਂ । ਉਦਹਾਰਣ ਦੇ ਤੋਰ 'ਤੇ 1995 ਵਿੱਚ ਵਾਲਮਾਰਟ ਦੇ, ਅਮਰੀਕਾ ਵਿੱਚ ਵਿਕਣ ਵਾਲੇ, ਸਮੁਚੇ ਵਪਾਰੀ ਮਾਲ ਦਾ 6% ਬਰਾਮਦ ਹੁੰਦਾ ਸੀ। ਇਹ ਵੱਧ ਕੇ 2005 ਤੱਕ 60% ਤੱਕ ਪਹੁੰਚ ਗਿਆ । ਇਸ ਦਰਮਾਦ ਦੀ ਪੂਰਤੀ 63 ਦੇਸ਼ਾਂ ਦੇ 6000 ਮਾਲ ਸਪਲਾਈ ਕਰਤਾ ਕਰਦੇ ਸਨ (50, 52) । ਵਾਲਮਾਰਟ ਦੇ ਸਪਲਾਈ ਕਰਤਾਵਾਂ ਦੀ ਸੂਚੀ ਵਿੱਚ ਚੀਨ ਸੱਭ ਤੋਂ ਉਪਰ ਹੈ। ਵਾਲਮਾਰਟ ਦੀ ਸਮੁੱਚੀ ਸਪਲਾਈ ਦਾ 70% ਮਾਲ ਚੀਨ ਵਿੱਚੋਂ ਆਉਂਦਾ ਹੈ (41, 53) ।

ਇਸਦਾ ਮਤਲਬ ਹੋਇਆ ਕਿ ਜੇਕਰ ਵਾਲਮਾਰਟ ਵਰਗੀਆਂ ਕੰਪਨੀਆਂ ਦੀ ਭਾਰਤ ਵਿੱਚ ਆਮਦ ਹੋਈ ਤਾਂ ਭਾਰਤੀ ਵਪਾਰ ਨੂੰ ਦੁਨੀਆ ਭਰ ਦੇ ਘੱਟ ਕੀਮਤ ਵਾਲੇ ਉਤਪਾਦਨ ਦੇ ਨਾਲ ਮੁਕਾਬਲਾ ਕਰਨਾ ਪਵੇਗਾ । ਜੇਕਰ ਭਾਰਤੀ ਵਪਾਰ ਵਿੱਚ ਕਿਸੇ ਤਰ੍ਹਾਂ ਇੰਨੀ ਸਮਰੱਥਾ ਹੋਵੇ ਕਿ ਉਹ ਮੁਕਾਬਲੇ ਦਾ ਸਾਹਮਣਾ ਕਰ ਸਕੇ ਤਾਂ ਵਾਲਮਾਰਟ ਉਨ੍ਹਾਂ ਨੂੰ ਜਾਣ ਬੁੱਝ ਕੇ ਕੀਮਤਾਂ ਘੱਟ ਕਰਕੇ ਤਬਾਹ ਕਰ ਦੇਵੇਗਾ। ਕਿਉਂਕਿ ਉਨ੍ਹਾਂ ਕੋਲ ਘਾਟਾ ਸਹਿਨ ਕਰਨ ਲਈ ਦੌਲਤ ਦੀ ਤਾਕਤ ਹੈ । ਪਾਰਮਲਾਟ ਦੁੱਧ ਉਤਪਾਦਕਾਂ ਵਿੱਚ, ਸੰਸਾਰ ਭਰ ਵਿੱਚ ਮੋਹਰੀ ਹੈ । ਇਸਨੇ ਜਦ ਦੱਖਣੀ ਅਫਰੀਕਾ ਦੇ ਦੁੱਧ ਬਜਾਰ ਵਿੱਚ 1990 ਦੇ ਦਹਾਕੇ ਵਿੱਚ ਪ੍ਰਵੇਸ਼ ਕੀਤਾ, ਉਸ ਵਕਤ ਇਸ ਨੇ ਪ੍ਰਚੂਨ ਵਪਾਰੀਆਂ ਨੂੰ ਆਪਣਾ ਮਾਲ ਘੱਟ ਕੀਮਤਾਂ ਤੇ ਵੇਚ ਕੇ ਬਜਾਰ ਵਿੱਚ ਆਪਣੀ ਥਾਂ ਬਣਾਈ ਸੀ । ਇਸਦੇ ਅਜਿਹਾ ਕਰਨ ਕਰਕੇ ਸਥਾਨਕ ਪ੍ਰੋਸੈਸਰ ਅਤੇ ਵਿਤਰਣ ਕਰਨ ਵਾਲਿਆਂ ਦੀ ਗਾਹਕੀ ਟੁੱਟ ਗਈ । ਆਖਰਕਾਰ ਉਨ੍ਹਾਂ ਨੂੰ ਆਪਣਾ ਧੰਦਾ ਬੰਦ ਕਰਨਾ ਪਿਆ (39) । ਇਸੇ ਤਰ੍ਹਾਂ ਵਾਲਮਾਰਟ ਦੇ ਭਾਰਤ ਵਿੱਚ ਦਾਖਲ ਹੋਣ ਨਾਲ ਕਈ ਛੋਟੇ ਛੋਟੇ ਵਪਾਰ ਤਬਾਹ ਹੋ ਜਾਣਗੇ ।

ਕਾਮਿਆਂ ਦੀ ਬਦਹਾਲੀ

ਇੰਨਾ ਹੀ ਨਹੀਂ , ਵਾਲਮਾਰਟ ਐਡੀ ਵੱਡੀ ਕੰਪਨੀ ਹੈ ਅਤੇ ਆਪਣੇ ਸਪਲਾਈ ਕਰਤਿਆਂ ਤੋਂ ਐਨਾ ਜਿਆਦਾ ਉਤਪਾਦ ਜਾਂ ਮਾਲ ਖ਼੍ਰੀਦਦੀ ਹੈ ਕਿ ਉਹ ਆਪਣੀਆਂ ਸ਼ਰਤਾਂ ਉਨ੍ਹਾਂ ਉਪਰ ਮੜ੍ਹ ਸਕਦੀ ਹੈ । ਇਹ ਉਨ੍ਹਾਂ ਨੂੰ ਮਜਬੂਰ ਕਰ ਦਿੰਦੀ ਹੈ ਕਿ ਉਹ ਸੱਭ ਤੋਂ ਘੱਟ ਕੀਮਤ 'ਤੇ ਆਪਣਾ ਮਾਲ ਇਸ ਨੂੰ ਵੇਚਣ । ਇਸ ਨਾਲ ਸਪਲਾਈ ਕਰਤਾ ਦੇਸ਼ਾਂ ਦੇ ਕਾਮਿਆਂ ਦੀ ਹਾਲਤ ਬਦ ਤੋਂ ਬਦਤਰ ਹੋ ਜਾਂਦੀ ਹੈ।

ਵਪਾਰ ਵਿੱਚ ਕੋਈ ਨੈਤਕਤਾ ਜਾਂ ਆਚਾਰ ਸੰਹਿਤਾ ਨਹੀਂ ਹੁੰਦੀ । ਵਾਲਮਾਰਟ ਨੂੰ ਉਨ੍ਹਾਂ ਦੇਸ਼ਾਂ ਤੋਂ ਮਾਲ ਲਿਆਉਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਹੈ, ਜਿੱਥੇ ਬਾਲ ਮਜਦੂਰੀ, ਬੰਧੂਆ ਮਜਦੂਰੀ ਅਤੇ ਮਨੁਖੀ ਅਧਿਕਾਰਾਂ ਦਾ ਉਲੰਘਣ ਅਤੇ ਹਨਨ ਆਮ ਗੱਲ ਹੈ। ਹੋਂਡੂਰਾਸ ਵਿੱਚ ਵਾਲਮਾਰਟ ਲਈ ਕੰਮ ਕਰਨ ਵਾਲੇ ਕਾਮਿਆਂ ਨੂੰ ਹਰ ਰੋਜ 14 ਘੰਟਿਆਂ ਦੀ ਸ਼ਿਫਟ ਵਿੱਚ, ਹਫਤੇ ਵਿੱਚ 88 ਘੰਟੇ ਕੰਮ ਕਰਨਾ ਪੈਂਦਾ ਹੈ । ਉਨ੍ਹਾਂ ਨੂੰ 43 ਸੈਂਟ ਪ੍ਰਤੀ ਘੰਟੇ ਦੇ ਹਿਸਾਬ ਨਾਲ ਮਿਲਦਾ ਹੈ । ਇਤਨੀ ਘੱਟ ਮਜਦੂਰੀ ਨਾਲ ਉਨ੍ਹਾਂ ਦੀਆਂ ਜਿੰਦਾ ਰਹਿਣ ਦੇ ਲਈ ਜਰੂਰੀ ਲੋੜਾਂ ਦੀ, ਕੇਵਲ 54% ਪੂਰਤੀ ਹੀ ਹੁੰਦੀ ਹੈ (54) । ਵਾਲਮਾਰਟ ਰਾਹੀਂ ਵੇਚੇ ਕੱਪੜੇ ਦਾ ਨਿਰਮਾਨ ਬੰਗਲਾ ਦੇਸ਼ ਦੀਆਂ ਮੁਟਿਆਰਾਂ ਕਰਦੀਆਂ ਹਨ । ਉਨ੍ਹਾਂ ਨੂੰ ਹਫਤੇ ਦੇ ਸੱਤੇ ਦਿਨ ਸਵੇਰ ਦੇ 7 ਵਜੇ ਤੋਂ ਰਾਤ ਦੇ 8 ਵਜੇ ਤੱਕ ਕੰਮ ਕਰਨਾ ਪੈਂਦਾ ਹੈ । ਉਨ੍ਹਾਂ ਨੂੰ 9 ਤੋਂ 20 ਸੈਂਟ ਤੱਕ ਪ੍ਰਤੀ ਘੰਟੇ ਦੇ ਹਿਸਾਬ ਨਾਲ ਮਿਲਦਾ ਹੈ । ਉਨ੍ਹਾਂ ਨੂੰ ਬੀਮਾਰ ਹੋਣ ਜਾਂ ਬੱਚਾ ਜੰਮਣ ਤੇ ਕੋਈ ਛੁੱਟੀ ਜਾਂ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ । ਟੱਟੀ ਪਿਸ਼ਾਬ ਲਈ ਵੀ ਛੁੱਟੀ ਵੀ ਗਿਣਤੀ ਮਿਣਤੀ ਨਾਲ ਮਿਲਦੀ ਹੈ । ਉਸ ਉਤੇ ਵੀ ਪਹਿਰਾ ਰਹਿੰਦਾ ਹੈ । ਜੇਕਰ ਕੋਈ ਆਪਣੇ

ਹੱਕ ਦੀ ਮੰਗ ਕਰਨ ਦੀ ਜੁਅਰਤ ਕਰਦੀ ਹੈ ਤਾਂ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ (54) । ਕੰਮ ਦੇ ਇੰਨੇ ਮਾੜੇ ਹਾਲਾਤਾਂ ਦੇ ਬਾਵਜੂਦ ਬੰਗਲਾ ਦੇਸ਼ੀ ਕਾਮਿਆਂ ਦੀ ਮਜਦੂਰੀ ਉਤਰੀ ਅਮਰੀਕਾ ਵਿੱਚ ਵਿਕ ਰਹੀ ਕਮੀਜ਼ ਦੀ ਤਹਿ ਸ਼ੁਦਾ ਪ੍ਰਚੂਨ ਕੀਮਤ ਦਾ ਕੇਵਲ 1.7 % ਹੈ। ਬੰਗਲਾ ਦੇਸ਼ੀ ਮਾਲਕ ਦਾ ਮੁਨਾਫਾ 1% ਹੈ ਜਦਕਿ ਕੁੱਲ ਵਪਾਰਕ ਮੁਨਾਫਾ, ਭਾੜਾ ਅਤੇ ਵਿਕ੍ਰੇਤਾ ਦੀ ਹੋਰ ਆਮਦਨ 71.8% ਹੈ (42)।

ਵਾਲਮਾਰਟ ਚੀਨ ਕੋਲੋਂ ਸੱਭ ਤੋਂ ਜਿਆਦਾ ਮਾਲ ਖ੍ਰੀਦਦਾ ਹੈ ਕਿਉਂਕਿ ਉਥੇ ਸਰਕਾਰ ਨੇ ਮਜਦੂਰ ਜਥੇਬੰਦੀਆਂ ਬਣਾਉਣ ਉਪਰ ਰੋਕ ਲਾਈ ਹੋਈ ਹੈ । ਸਰਕਾਰ ਉਸ ਕਿਸੇ ਵੀ ਵਿਅਕਤੀ ਨੂੰ ਦੰਡ ਦੇਣ ਨੂੰ ਤਿਆਰ ਰਹਿੰਦੀ ਹੈ, ਜੋ ਮਜਦੂਰਾਂ ਦੀ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ । ਉਥੋਂ ਦੀਆਂ ਅਦਾਲਤਾਂ ਅਤੇ ਨਿਯਮਾਂਵਲੀ ਸੰਸਥਾਵਾਂ ਮਜਦੂਰਾਂ ਦੇ ਅਧਿਕਾਰਾਂ ਦੇ ਹੋ ਰਹੇ ਉਲੰਘਣ ਨੂੰ ਨਜ਼ਰ ਅੰਦਾਜ ਕਰ ਦਿੰਦੀਆਂ ਹਨ । ਵਾਲਮਾਰਟ ਕੰਪਨੀ ਸਪਲਾਈ ਕਰਤਿਆਂ ਨੂੰ ਇੱਕ ਦੂਜੇ ਦੇ ਵਿਰੋਧ ਵਿੱਚ ਖੜ੍ਹੇ ਕਰ ਦਿੰਦੀ ਹਨ। ਉਨ੍ਹਾਂ ਉਪਰ ਦਬਾਅ ਪਾ ਕੇ, ਬਹੁਤ ਹੀ ਘੱਟ ਕੀਮਤ ਤੇ ਮਾਲ ਹਾਸਲ ਕਰ ਲੈਂਦੀ ਹੈ। ਨਤੀਜਾ ਹੈ ਕਿ ਚੀਨ ਦੇ ਕਾਰਖਾਨਿਆਂ ਵਿੱਚ, ਜੋ ਵਾਲਮਾਰਟ ਨੂੰ ਸਮਾਨ ਮੁਹਈਆ ਕਰਵਾਉਂਦੇ ਹਨ, ਕਾਮਿਆਂ ਨੂੰ ਘੱਟ ਮਜਦੂਰੀ ਦੇਣਾ ਆਮ ਗੱਲ ਹੈ । ਵੱਧ ਘੰਟੇ ਕੰਮ ਲੈਣਾ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਆਮ ਵਰਤਾਰਾ ਹੈ । ਇਥੋਂ ਤੱਕ ਕਿ ਇਨ੍ਹਾਂ ਕਾਰਖਾਨਿਆਂ ਵਿੱਚ 16 ਸਾਲ (ਚੀਨ ਵਿੱਚ ਕਾਨੂੰਨਨ ਰੁਜਗਾਰ ਪ੍ਰਾਪਤ ਕਰਨ ਦੀ ਇਹ ਘੱਟੋ ਘੱਟ ਉਮਰ ਹੈ) ਤੋਂ ਵੀ ਘੱਟ ਉਮਰ ਦੇ ਬੱਚਿਆਂ ਨੂੰ ਕੰਮ ’ਤੇ ਲਾਇਆ ਜਾਂਦਾ ਹੈ। ਉਨ੍ਹਾਂ ਤੋਂ ਇੱਕ ਦਿਨ ਵਿੱਚ 15 ਘੰਟੇ ਤੱਕ ਕੰਮ ਲਿਆ ਜਾਂਦਾ ਹੈ । ਹਫਤੇ ਦੇ ਸੱਤੇ ਦਿਨ ਕੰਮ ਕਰਨਾ ਜਰੂਰੀ ਹੈ । ਉਨ੍ਹਾਂ ਨੂੰ ਘੱਟ ਮਜਦੂਰੀ ਦਿੱਤੀ ਜਾਂਦੀ ਹੈ । ਉਨ੍ਹਾਂ ਤੋਂ ਖਤਰਨਾਕ ਮਸ਼ੀਨਾਂ ਉੱਤੇ ਕੰਮ ਲਿਆ ਜਾਂਦਾ ਹੈ। ਸਿੱਕਾ , ਕੈਡਮੀਅਮ ਤੇ ਪਾਰੇ ਵਰਗੇ ਹਾਨੀਕਾਰਕ ਰਸਾਇਣਾਂ ਨਾਲ ਵੀ ਉਨ੍ਹਾਂ ਦਾ ਵਾਹ ਪੈਂਦਾ ਹੈ (55) ।

ਇਸਦਾ ਮਤਲਬ ਇਹ ਹੋਇਆ ਕਿ ਜੇਕਰ ਵਾਲਮਾਰਟ ਤੇ ਹੋਰ ਦਿਓ ਕੱਦ ਪ੍ਰਚੂਨ ਵਪਾਰਕ ਕੰਪਨੀਆਂ ਨੂੰ ਭਾਰਤ ਵਿੱਚ ਦਾਖਲਾ ਮਿਲ ਗਿਆ ਤਾਂ ਭਾਰਤੀ ਕਲ-ਕਰਖਾਨਿਆਂ ਵਿੱਚ ਲੱਗੇ ਕਾਮਿਆਂ ਨੂੰ ਵੀ ਇਨ੍ਹਾਂ ਕਾਰਪੋਰੇਟਾਂ ਵਿੱਚ ਲੱਗੇ ਕਾਮਿਆਂ ਦੀ ਤਰ੍ਹਾਂ ਹੀ ਘੱਟ ਉਜਰਤ ਅਤੇ ਮਾੜੀਆਂ ਕੰਮ ਹਾਲਤਾਂ ਵਿੱਚ ਕੰਮ ਕਰਨਾ ਪਵੇਗਾ। ਇਹ ਸੱਭ ਤੋਂ ਘੱਟ ਮਜਦੂਰੀ ਵੱਲ ਦੌੜ ਹੋਵੇਗੀ । ਇਸ ਨਾਲ ਹੇਠਲੇ ਪੱਧਰ ਉੱਤੇ ਉਜਰਤਾਂ ਅਤੇ ਹੋਰ ਲਾਭਾਂ ਦੇ ਲਈ ਇੱਕ ਖਾਹਮ ਖਾਹ ਨਵੀਂ ਲੜਾਈ ਦਾ ਜਨਮ ਹੋਵੇਗਾ।

8. ਪ੍ਰਚੂਨ ਵਿੱਚ ਐਫ ਡੀ ਆਈ ਆਉਣ ਨਾਲ ਕੀ ਖਪਤਕਾਰਾਂ ਨੂੰ ਲਾਭ ਹੋਵੇਗਾ ?

ਇਹ ਪਰਚਾਰ ਕੀਤਾ ਜਾ ਰਿਹਾ ਹੈ ਕਿ ਸੁਪਰ ਬਜਾਰ, ਵਿਚੋਲਿਆਂ ਦਾ ਖਾਤਮਾ ਕਰ ਦੇਵੇਗਾ , ਜਿਸ ਨਾਲ ਚੀਜਾਂ ਦੀਆਂ ਕੀਮਤਾਂ ਆਪਣੇ ਆਪ ਘੱਟ ਜਾਣਗੀਆਂ । ਇਹ ਦੂਜਾ ਗੱਪ ਹੈ । ਅਸਲ ਵਿੱਚ ਕਾਰਪੋਰੇਟ ਪ੍ਰਚੂਨ ਕੰਪਨੀਆਂ ਇੱਕੋ ਸਮੇ ਖੁਦ ਹੀ ਉਤਪਾਦਕ , ਥੋਕ ਵਪਾਰੀ, ਵਿਤਰਕ ਅਤੇ ਪ੍ਰਚੂਨ ਵਪਾਰੀ ਹੋ ਕੇ, ਸਾਰੀ ਦੀ ਸਾਰੀ ਸਪਲਾਈ ਲੜੀ (ਸਪਲਾਈ ਚੇਨ) ਉਪਰ ਆਪਣਾ ਏਕਾ ਅਧਿਕਾਰ ਕਾਇਮ ਕਰ ਲੈਂਦੀਆਂ ਹਨ।ਇਸ ਤਰ੍ਹਾਂ ਪ੍ਰਚੂਨ ਨਿਗਮ ਖੁਦ ਹੀ ਵੱਡੇ ਵਿਚੋਲੇ ਹੋ ਜਾਂਦੇ ਹਨ। ਇਸ ਹਾਲਤ ਵਿੱਚ ਉਹ ਆਪਣੇ ਵੱਡੇ ਮੁਨਾਫੇ ਦਾ ਥੋੜ੍ਹਾ ਜਿਹਾ ਲਾਭ ਵੀ ਖਪਤਕਾਰਾਂ ਨੂੰ ਕਿਉਂ ਦੇਣਾ ਚਾਹੁਣਗੀਆਂ ਅਤੇ ਖਪਤਕਾਰੀ ਵਸਤਾਂ ਦੀਆਂ ਕੀਮਤਾਂ ਕਿਉਂ ਘਟਾਉਣਗੀਆਂ । ਉਨ੍ਹਾਂ ਦਾ ਤਾਂ ਉਦੇਸ਼ ਹੀ ਵੱਧ ਤੋਂ ਵੱਧ ਤੋਂ ਮੁਨਾਫਾ ਕਮਾਉਣਾ ਹੈ । ਉਹ ਸਾਰੇ ਦਾ ਸਾਰਾ ਮੁਨਾਫਾ ਆਪਣੇ ਖੁਦ ਦੇ ਕੋਲ ਹੀ ਰੱਖਦੀਆਂ ਹਨ ।

ਇੰਨਾ ਹੀ ਨਹੀਂ ਬਹੁ ਕੌਮੀ ਕੰਪਨੀਆਂ ਬਜਾਰ ਉਪਰ ਆਪਣੀ ਸਰਦਾਰੀ ਦਾ ਲਾਭ ਉਠਾ ਕੇ ਖਪਤਕਾਰ ਚੀਜਾਂ ਦੀਆਂ ਕੀਮਤਾਂ ਵਧਾਕੇ ਵੱਡਾ ਮੁਨਾਫਾ ਕਮਾਉਣਾ ਆਪਣਾ ਧਰਮ ਸਮਝਦੀਆਂ ਹਨ । ਜਿਵੇਂ ਕਿ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ, ਬਹੁ ਕੌਮੀ ਕੰਪਨੀਆਂ ਕੀਮਤਾਂ ਨੂੰ ਲੈਕੇ ਆਪਸ ਵਿੱਚ ਮੁਕਾਬਲਾ ਨਹੀਂ ਕਰਦੀਆਂ । ਉਹ ਕੀਮਤਾਂ ਨੂੰ ਉਚਾ ਰੱਖਣ ਲਈ ਆਪਸ ਵਿੱਚ ਗੰਢ-ਤੁਪ ਕਰ ਲੈਂਦੀਆਂ ਹਨ । ਸੁਰੂਆਤ ਵਿੱਚ ਜਦ ਵਿਸ਼ਾਲ ਪ੍ਰਚੂਨ ਕੰਪਨੀਆਂ ਛੋਟੇ ਪ੍ਰਚੂਨ ਵਪਾਰੀਆਂ ਦੇ ਧੰਦੇ ਖੋਹ ਰਹੀਆਂ ਹੋਣ, ਉਸ ਸਮੇ ਖਪਤਕਾਰ ਸਸਤੀਆਂ ਕੀਮਤਾਂ ਤੇ ਸਮਾਨ ਪ੍ਰਪਤ ਕਰਨ ਦਾ ਲਾਭ ਉਠਾ ਸੱਕਦੇ ਹਨ । ਲੇਕਿਨ ਜਿਉਂ ਹੀ ਵੱਡੀਆਂ ਕੰਪਨੀਆਂ ਬਜਾਰ ਉਪਰ ਆਪਣਾ ਏਕਾ ਅਧਿਕਾਰ ਜਮਾਉਣ ਵਿੱਚ ਸਪਲ ਹੋ ਜਾਂਦੀਆਂ ਹਨ, ਉਹ ਕੀਮਤਾਂ ਵਧਾ ਦਿੰਦੀਆਂ ਹਨ । ਇੱਥੋਂ ਤੱਕ ਕਿ ਜਦ ਉਨ੍ਹਾਂ ਦੀ, ਇੰਨੇ ਵੱਡੇ ਪੈਮਾਨੇ ’ਤੇ ਮਾਲ ਦੀ ਸਪਲਾਈ ਲੈਣ ਵਿੱਚ ਖ੍ਰੀਦ ਦੀ ਲਾਗਤ ਘੱਟ ਆਉਂਦੀ ਹੈ, ਤਦ ਵੀ ਉਹ ਖਪਤਕਾਰ ਲਈ ਚੀਜਾਂ ਦੀਆਂ ਕੀਮਤਾਂ ਨਹੀਂ ਘਟਾਉਂਦੀਆਂ । ਪੂਰੀ ਦੁਨੀਆ ਵਿੱਚ ਫੈਲੇ ਉਨ੍ਹਾਂ ਦੇ ਕਾਰੋਬਾਰ ਤੋਂ ਇਹੀ ਵੇਖਣ ਵਿੱਚ ਆਉਂਦਾ ਹੈ । ਨਿਕਾਰਾਗੂਆ ਤੋਂ ਅਰਜਨਟਾਈਨਾ , ਕੀਨੀਆ ਤੋਂ ਥਾਈਲੈਂਡ ਅਤੇ ਵੀਅਤਨਾਮ ਤੱਕ ਇਨ੍ਹਾਂ ਸਾਰੇ ਦੇਸ਼ਾਂ ਦੇ ਸੁਪਰ ਬਜਾਰਾਂ ਵਿੱਚ ਚੀਜਾਂ ਦੇ ਭਾਅ ਰਵਾਇਤੀ ਬਜਾਰ ਦੇ ਮੁਕਾਬਲੇ ਵਿੱਚ 10 ਤੋਂ 14 % ਵੱਧ ਰਹਿੰਦੇ ਹਨ (31) ।

ਫਰਾਂਸ ਸਰਕਾਰ ਦੀ ਖੁਰਾਕੀ ਵਸਤਾਂ ਦੀਆਂ ਕੀਮਤਾਂ ਉੱਪਰ ਨਿਗਰਾਨੀ ਰੱਖਣ ਵਾਲੀ ਸੰਸਥਾ ਵੱਲੋਂ ਪਿਛਲੇ ਸਾਲ ਜੂਨ 2011 ਦੇ ਆਖਰੀ ਹਫਤੇ ਵਿੱਚ ਇੱਕ ਰਿਪੋਰਟ ਤਿਆਰ ਕੀਤੀ ਗਈ । ਇਸ ਰਿਪੋਰਟ ਵਿੱਚ ਉਤਪਾਦਕਾਂ ਨੂੰ ਉਨ੍ਹਾਂ ਦੇ ਉਤਪਾਦਨ ਲਈ ਘੱਟ ਕੀਮਤ ਦੇ ਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਨਿਚੋੜਨ ਅਤੇ ਉਸਦਾ ਲਾਭ ਖਪਤਕਾਰਾਂ ਨੂੰ ਨਾ ਦੇਣ ਦੇ ਲਈ, ਸੁਪਰ ਬਜਾਰਾਂ ਨੂੰ ਕਰੜੇ ਹੱਥੀਂ ਲਿਆ ਗਿਆ ਹੈ। ਇਸਦਾ ਕਾਰਣ ਸੀ ਕਿ ਸੁਪਰ ਬਜਾਰ ਬੇਸ਼ੁਮਾਰ ਮੁਨਾਫਾ ਕਮਾ ਰਹੇ ਸਨ । ਕੇਲੇ ਅਤੇ ਸੇਬ ਉਪਰ ਉਨ੍ਹਾਂ ਨੂੰ 140% ਤੱਕ ਮੁਨਾਫਾ ਹੋ ਰਿਹਾ ਸੀ ਅਤੇ ਗਾਜਰ ਅਤੇ ਸਲਾਦ ਵਿੱਚ 110% ਤੱਕ ਲਾਭ ਹੋ ਰਿਹਾ ਸੀ । ਸੂਰ ਦੇ ਮੀਟ ਤੇ ਇੱਕ ਦਹਾਕਾ ਪਹਿਲਾਂ ਤੱਕ ਜੋ ਮੁਨਾਫਾ 39% ਸੀ ਉਹ ਹੁਣ ਵੱਧ ਕੇ ਮੁਕਾਬਲਤਨ 55% ਹੋ ਗਿਆ ਸੀ (32) । ਇਸੇ ਤਰ੍ਹਾਂ ਬ੍ਰਿਟੇਨ ਦੇ ਕੌਮੀ ਕਿਸਾਨ ਸੰਘ (ਨੈਸ਼ਨਲ ਫਾਰਮਰਜ਼ ਯੂਨੀਅਨ) ਨੇ ਵੀ ਪਤਾ ਲਾਇਆ ਕਿ ਖੇਤੀ ਉਪਜਾਂ ਦੀਆਂ ਕੀਮਤਾਂ (ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਾਂ ਦੀ ਦਿੱਤੀ ਜਾਣ ਵਾਲੀ ਕੀਮਤ) ਵਿੱਚ ਗਿਰਾਵਟ ਦਾ ਲਾਭ ਖਪਤਕਾਰਾਂ ਨੂੰ ਨਹੀਂ ਪਹੁੰਚ ਰਿਹਾ ਹੈ । ਉਦਹਾਰਣ ਲਈ 1990 ਦੇ ਦਹਾਕੇ ਵਿੱਚ ਦੁੱਧ ਅਤੇ ਬੱਕਰੇ ਦੇ ਮੀਟ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦੇ ਬਾਵਜੂਦ, ਪ੍ਰਚੂਨ ਬਜਾਰਾਂ ਵਿੱਚ ਇਨ੍ਹਾਂ ਦੀਆਂ ਕੀਮਤਾਂ ਵਿੱਚ ਕੋਈ ਕਮੀ ਨਹੀਂ ਵੇਖੀ ਗਈ (39)। ਇਸੇ ਤਰ੍ਹਾਂ ਹੀ ਅਮਰੀਕਾ ਵਿੱਚ, ਸੁਪਰ ਬਜਾਰਾਂ ਨੇ 1994 ਅਤੇ 2004 ਦੇ ਵਿਚਕਾਰ ਟਮਾਟਰ ਦੇ ਭਾਅ 46% ਵਧਾ ਦਿੱਤੇ ਸਨ ਜਦ ਕਿ ਇਸੇ ਅਰਸੇ ਦੌਰਾਨ ਖੇਤੀ ਉਤਪਾਦਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਕੀਮਤਾਂ ਵਿੱਚ 25% ਗਿਰਾਵਟ ਹੋਈ ਸੀ (31)।

ਇਹੀ ਕਹਾਣੀ ਭਾਰਤ ਦੇ ਚਾਹ ਦੇ ਬਾਗਾਂ ਵਿੱਚ ਦੁਹਰਾਈ ਜਾ ਰਹੀ ਹੈ । ਅੰਤਰ ਰਾਸ਼ਟਰੀ ਪੱਧਰ ’ਤੇ ਇੱਕ ਮੰਨੇ ਪ੍ਰਮੰਨੇ ਗੈਰ ਸਰਕਾਰੀ ਸੰਗਠਨ, ‘ਐਕਸ਼ਨ ਏਡ’ ਨੇ ਕੁੱਝ ਸਾਲ ਪਹਿਲਾਂ ਇਸ ਬਾਬਤ ਦੱਸਿਆ ਸੀ ।ਉਸ ਨੇ ਕਿਹਾ ਸੀ ਕਿ ਕਾਰਪੋਰੇਟ ਲਈ ਕੰਮ ਕਰਦੀਆਂ, ਬੜੀ ਖ੍ਰੀਦਦਾਰੀ ਕਰਨ ਵਾਲੀਆਂ ਕੰਪਨੀਆਂ ਨੇ ਆਪਣਾ ਇੱਕ ਉਤਪਦਕ ਸੰਘ ਬਣਾਇਆ । ਇਸ ਸੰਘ ਨੇ ਚਾਹ ਦੇ ਬਾਗਾਂ ਵਿੱਚ ਨਿਲਾਮੀ ਦੀ ਕੀਮਤ ਘਟਵਾ ਦਿੱਤੀ । ਨਤੀਜੇ ਵਜੋਂ ਦੱਖਣੀ ਭਾਰਤ ਵਿੱਚ ਚਾਹ ਦੀ ਨਿਲਾਮੀ ਦੀਆਂ ਕੀਮਤਾਂ ਵਿੱਚ ਲੱਗ ਭੱਗ 33 % ਗਿਰਾਵਟ ਆ ਗਈ ਸੀ । ਚਾਹ ਦੀ ਕੀਮਤ 1998 ਵਿੱਚ 69 ਰੁਪਏ ਪ੍ਰਤੀ ਕਿਲੋ ਗਰਾਮ ਤੋਂ ਘਟ ਕੇ 46

ਰੁਪਏ ਪ੍ਰਤੀ ਕਿਲੋ ਗਰਾਮ ਰਹਿ ਗਈ ਸੀ । ਇਸੇ ਅਰਸੇ ਦੌਰਾਨ , ਉਤਰੀ ਭਾਰਤ ਵਿੱਚ, 2004 ਵਿੱਚ ਚਾਹ ਦੀਆਂ ਕੀਮਤਾਂ ਵਿੱਚ 12% ਗਿਰਾਵਟ ਹੋਈ ਸੀ । ਇਸ ਸਮੇ 2004 ਵਿੱਚ ਚਾਹ ਦੇ ਉਤਪਾਦਨ ਦਾ ਖਰਚ 75 ਰੁਪਏ ਪ੍ਰਤੀ ਕਿਲੋਗਰਾਮ ਤੋਂ ਕਾਫੀ ਘੱਟ ਰਹਿ ਗਿਆ ਸੀ । ਇਸ ਨੇ ਚਾਹ ਦੇ ਛੋਟੇ ਉਤਪਾਦਕ ਕਿਸਾਨਾਂ ਅਤੇ ਬਾਗਾਂ ਦੇ ਕਾਮਿਆਂ ਉਪਰ ਤਬਾਹਕੁਨ ਅਸਰ ਪਾਇਆ ਸੀ । ਪ੍ਰੰਤੂ ਨਿਲਾਮੀ ਕੀਮਤਾਂ ਵਿੱਚ ਗਿਰਾਵਟ ਦਾ ਅਸਰ ਪ੍ਰਚੂਨ ਬਜਾਰ ਵਿੱਚ ਖਪਤਕਾਰਾਂ ਵੱਲੋਂ ਅਦਾ ਕੀਤੀ ਜਾਂਦੀ ਕੀਮਤ ਵਿੱਚ ਕਦੀ ਨਹੀਂ ਦਿਖਿਆ । ਇਥੇ ਚਾਹ ਦੀਆਂ ਕੀਮਤਾਂ ਲਗਾਤਾਰ ਉਚੀਆਂ ਬਣੀਆਂ ਰਹੀਆਂ । ਉਹ ਖੁਲ੍ਹੇ ਬਜਾਰ ਵਿੱਚ 160 ਰੁਪਏ ਪ੍ਰਤੀ ਕਿਲੋਗਰਾਮ ਵਿਕਦੀ ਰਹੀ । ਵੱਡੀਆਂ ਕੰਪਨੀਆਂ ਦੇ ਭਾਰੀ ਮੁਨਾਫਾ ਬਟੋਰਨ ਦੇ ਕਾਰਣ 1996 ਤੋਂ ਹਿੰਦੁਸਤਾਨ ਲੀਵਰ ਕੰਪਨੀ ਦੇ ਸ਼ੇਅਰ ਧਾਰਕਾਂ ਦਾ ਲਾਭ ਵੱਧ ਕੇ ਚਾਰ ਗੁਣਾ ਹੋ ਗਿਆ। ਇਸ ਕੰਪਨੀ ਦੇ ਕੋਲ ਭਾਰਤ ਵਿੱਚ ਡੱਬਾ ਬੰਦ ਹੋ ਕੇ ਵਿਕਣ ਵਾਲੀ ਚਾਹ ਦਾ 34% ਹਿੱਸਾ ਹੈ (39) ।

9. ਪ੍ਰਚੂਨ ਵਪਾਰ ਵਿੱਚ ਐਫ ਡੀ ਆਈ ਕਿਸਦੇ ਹਿਤ ਵਿੱਚ ?

ਸਪਸ਼ਟ ਤੌਰ ’ਤੇ ਪ੍ਰਚੂਨ ਵਿੱਚ ਐਫ ਡੀ ਆਈ ਦੀ (ਵਿਦੇਸ਼ੀ ਪੂੰਜੀ ਨਿਵੇਸ਼ ਦੀ) ਪ੍ਰਵਾਨਗੀ ਦਾ ਅਰਥ ਹੈ ਦਿਓ ਕੱਦ ਵਿਦੇਸ਼ੀ ਪ੍ਰਚੂਨ ਕੰਪਨੀਆਂ ਨੂੰ , ਭਾਰਤ ਦੇ ਪ੍ਰਚੂਨ ਖੇਤਰ ਵਿੱਚ ਦਾਖਲ ਹੋਣ ਦੀ ਇਜਾਜਤ ਦੇਣਾ । ਇਸ ਨਾਲ,ਜਿਉਂਦਾ ਜਾਗਦਾ ਭਾਰਤੀ ਪ੍ਰਚੂਨ ਖੇਤਰ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗਾ । ਇਸ ਨਾਲ ਲੱਖਾਂ ਛੋਟੇ ਛੋਟੇ ਦੁਕਾਨਦਾਰ ਅਤੇ ਫੇਰੀ ਵਾਲਿਆਂ ਨੂੰ ਆਪਣੇ ਧੰਦੇ ਨੂੰ ਛੱਡਣ ਲਈ ਮਜਬੂਰ ਹੋਣਾ ਪਵੇਗਾ। ਇਸ ਨਾਲ ਲੱਖਾਂ ਲੋਕ ਬੇਰੁਜਗਾਰ ਹੋ ਜਾਣਗੇ। ਇੱਥੇ ਹੀ ਨਹੀਂ, ਛੋਟੇ- ਛੋਟੇ ਵਪਾਰੀਆਂ ਅਤੇ ਕਿਸਾਨਾਂ ਲਈ ਇਸਦੇ ਬੇਹੱਦ ਤਬਾਹਕੁਨ ਨਤੀਜੇ ਹੋਣਗੇ । ਜੋ ਪਹਿਲਾਂ ਹੀ ਪਿਛਲੇ ਦੋ ਦਹਾਕਿਆਂ ਤੋਂ ਅਰਥ ਵਿਵਸਥਾ ਨੂੰ, ਹੌਲੀ ਹੌਲੀ ਵਿਦੇਸ਼ੀ ਪੂੰਜੀ ਨਿਵੇਸ਼ ਲਈ ਖੋਲ੍ਹੇ ਜਾਣ ਕਾਰਨ ਸੰਕਟ ਗ੍ਰਸਤ ਹਨ। ਪ੍ਰਚੂਨ ਵਿੱਚ ਐਫ ਡੀ ਆਈ ਨਾਲ ਖਪਤਕਾਰਾਂ ਨੂੰ ਵੀ ਕੋਈ ਫਾਇਦਾ ਨਹੀਂ ਹੋਵੇਗਾ। ਇਹ ਧਾਰਣਾ ਕਿ ਪ੍ਰਚੂਨ ਵਿੱਚ ਐਫ ਡੀ ਆਈ ਦੇ ਆਉਣ ਨਾਲ ਮਹਿੰਗਾਈ ਦੂਰ ਹੋਵੇਗੀ ਅਤੇ ਕੀਮਤਾਂ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲੇਗੀ, ਇੱਕ ਮ੍ਰਿਗ ਤ੍ਰਿਸ਼ਣਾ ਹੈ ।

ਜੇਕਰ ਇਸਦਾ ਅਜਿਹਾ ਤਬਾਹਕੁਨ ਨਤੀਜਾ ਨਿਕਲਣ ਵਾਲਾ ਹੈ ਤਾਂ ਭਾਰਤ ਸਰਕਾਰ ਇਨ੍ਹਾਂ ਦਿਓ ਕੱਦ ਵਿਦੇਸ਼ੀ ਪ੍ਰਚੂਨ ਕੰਪਨੀਆਂ ਨੂੰ ਇਥੇ ਸੁਪਰ ਬਜਾਰ ਖੋਲ੍ਹਣ ਦੀ ਇਜਾਜਤ ਦੇਣ ਦੇ ਲਈ ਇੰਨੀ ਤਰਲੋ ਮੱਛੀ ਕਿਉਂ ਹੋ ਰਹੀ ਹੈ ? ਕਿਉਂ ਸਾਡੇ ਹਾਕਮ, ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਆਪਣੇ ਦੇਸ਼ ਵਾਸੀਆਂ ਦੇ ਹਿਤਾਂ ਨੂੰ ਗਹਿਣੇ ਰੱਖ ਰਹੇ ਹਨ ?

10.ਸੰਸਾਰੀਕਰਨ ਦੇ ਹੋਰ ਭੈੜੇ ਨਤੀਜੇ :

ਦਰ ਅਸਲ ਅਜਿਹਾ ਕੁੱਝ ਪਿਛਲੇ ਦੋ ਦਹਾਕਿਆਂ ਖਾਸ ਕਰਕੇ 1991 ਤੋਂ ਹੁੰਦਾ ਆ ਰਿਹਾ ਹੈ। ਉਦੋਂ ਭਾਰਤੀ ਅਰਥ ਵਿਵਸਥਾ ਵਿਦੇਸ਼ੀ ਮੁਦਰਾ ਭੰਡਾਰ ਦੇ ਪੱਖੋਂ ਦਿਵਾਲੀਏ ਹੋਣ ਦੇ ਕੰਢੇ ਤੇ ਖੜ੍ਹੀ ਸੀ । ਉਹ ਵਿਦੇਸ਼ੀ ਕਰਜ ਸੰਕਟ ਵਿੱਚ ਬੁਰੀ ਤਰ੍ਹਾਂ ਫਸ ਗਈ ਸੀ । ਭਾਰਤ ਦੇ ਵਿਦੇਸ਼ੀ ਕਰਜਦਾਤਿਆਂ ਨੇ ਭਾਰਤ ਦੇ ਸੰਕਟ ਦਾ ਲਾਭ ਉਠਾਇਆ। ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ ਸਮੇਤ, ਜਿਨ੍ਹਾਂ ਦੀ ਗਿਣਤੀ ਸਾਮਰਾਜਵਾਦੀ ਦੇਸ਼ਾਂ ਦੇ ਰੂਪ ਵਿੱਚ ਹੁੰਦੀ ਹੈ, ਨੇ ਇਥੋਂ ਦੀ ਸਰਕਾਰ ਉਪਰ ਸਖਤ ਸ਼ਰਤਾਂ ਮੜ੍ਹਨੀਆਂ ਸੁਰੂ ਕਰ ਦਿੱਤੀਆਂ ਸਨ। ਸੰਸਾਰ ਬੈਂਕ ਅਤੇ ਅੰਤਰ ਰਾਸ਼ਟਰੀ ਮੁਦਰਾ ਕੋਸ਼ ਦੇ ਰਾਹੀਂ, (ਜੋ ਇਨ੍ਹਾਂ ਸੱਭ ਦੇ ਇਸ਼ਾਰਿਆਂ

’ਤੇ ਹੀ ਚਲਦੇ ਹਨ) ਉਨ੍ਹਾਂ ਨੇ ਭਾਰਤੀ ਅਰਥਵਿਵਸਥਾ ਦੀ ਪੁਨਰ ਸਰੰਚਨਾ ਕਰਨ ਤੇ ਰਾਜੀ ਕਰਨ ਲਈ, ਉਸ ਵਕਤ ਦੇ ਹਾਕਮਾਂ ਦੀ ਬਾਂਹ ਮਰੋੜੀ ਕੀਤੀ । ਇਸ ਕਥਿਤ ਸਰੰਚਨਾਤਮਕ ਸਮਾਧਾਨ ਕਾਰਜਕਰਮ (ਸਟਰਕਚਰਲ ਐਡਜਸਟਮੈਂਟ ਪ੍ਰੋਗਰਾਮ) ਦੇ ਬੁਨਿਆਦੀ ਕਾਰਨ ਸਨ :

- ਵਿਦੇਸ਼ੀ ਵਸਤਾਂ ਦੀ ਦਰਾਮਦ ’ਤੇ ਲਗੇ ਸਾਰੇ ਕੰਟਰੋਲਾਂ ਅਤੇ ਰੋਕਾਂ ਨੂੰ ਹਟਾਉਣਾ।
- ਅਰਥਵਿਵਸਥਾ ਦੇ ਸਾਰੇ ਹੀ ਖੇਤਰਾਂ ਵਿੱਚ ਵਿਦੇਸ਼ੀ ਨਿਵੇਸ਼ ਤੇ ਲਗੀਆਂ ਸਾਰੀਆਂ ਹੀ ਰੋਕਾਂ ਅਤੇ ਕੰਟਰੋਲਾਂ ਨੂੰ ਖਤਮ ਕਰਨਾ।
- ਪਬਲਿਕ ਸੈਕਟਰ ਨੂੰ ਨਿਜੀ ਹੱਥਾਂ ਦੇ ਹਵਾਲੇ ਕਰਨਾ , ਸਮੇਤ ਲੋਕ ਭਲਾਈ ਯੋਜਨਾਵਾਂ ਦੇ ।
- ਵੱਡੇ ਮੁਨਾਫੇ ਕਮਾਉਣ ਉਪਰ ਲੱਗੇ ਸਾਰੇ ਕੰਟਰੋਲ ਹਟਾਉਣੇ : ਇਥੋਂ ਤੱਕ ਕਿ ਜਰੂਰੀ ਸੇਵਾਵਾਂ ਤੋਂ ਵੀ ਜਿਵੇਂ ਕਿ ਪੀਣ ਦੇ ਪਾਣੀ , ਖਾਣ -ਪੀਣ ਦਾ ਸਮਾਨ, ਸਿਖਿਆ ਅਤੇ ਸਿਹਤ ਆਦਿ ।

ਵਿਦੇਸ਼ੀ ਕਰਜਦਾਤਿਆਂ ਦੇ ਹੁਕਮਾਂ ਅਧੀਨ ਅਰਥਵਿਵਸਥਾ ਦੀ ਪੁਨਰ ਸਰੰਚਨਾ ਨੂੰ ਇੱਕ ਚੰਗਾ ਲੱਗਣ ਵਾਲਾ ਨਾਮ ਦਿੱਤਾ ਗਿਆ ਹੈ ਸੰਸਾਰੀਕਰਨ ਦਾ (ਗਲੋਬੇਲਾਈਜ਼ੇਸ਼ਨ)। ਹਾਲਾਂਕਿ ਉਦੋਂ ਤੋਂ ਹੀ ਕੇਂਦਰ ਅਤੇ ਰਾਜਾਂ ਵਿੱਚ ਸਰਕਾਰਾਂ ਬਦਲਦੀਆਂ ਰਹੀਆਂ ਹਨ ਪ੍ਰੰਤੂ ਅਰਥਵਿਵਸਥਾ ਦਾ ਸੰਸਾਰੀਕਰਨ ਬਿਨਾ ਕਿਸੇ ਰੁਕਾਵਟ ਦੇ ਚੱਲ ਹੀ ਰਿਹਾ ਹੈ ।

ਸੰਸਾਰੀਕਰਨ ਦਾ ਸਾਰ ਇਹ ਹੈ, ਕਿ ਭਾਰਤ ਸਰਕਾਰ ਆਪਣੀ ਅਰਥਵਿਵਸਥਾ ਨੂੰ , ਹੁਣ ਮੁੱਖ ਰੂਪ ਵਿੱਚ ਵੱਡੀਆਂ ਵਿਦੇਸ਼ੀ ਕਾਰਪੋਰੇਸ਼ਨਾਂ ਅਤੇ ਭਾਰਤ ਦੇ ਵੱਡੇ ਉਦਯੋਗਿਕ ਘਰਾਣਿਆਂ ਦੇ ਬੇਹੱਦ ਮੁਨਾਫਿਆਂ ਨੂੰ ਵਧਾਉਣ ਲਈ ਹੀ ਚਲਾ ਰਹੀ ਹੈ । ਇਨ੍ਹਾਂ ਨਿਗਮਾਂ ਹੁਣ ਬੇਲਗਾਮ ਖੁੱਲੀ ਲੁੱਟ ਕਰਨ ਵਿੱਚ ਲੱਗੀਆਂ ਹੋਈਆਂ ਹਨ । ਉਹ ਇਥੋਂ ਦੇ ਕੁਦਰਤੀ ਸਾਧਨਾਂ -ਪਹਾੜਾਂ, ਨਦੀਆਂ ਅਤੇ ਜੰਗਲਾਂ ਨੂੰ ਬੇਤਹਾਸ਼ਾ ਲੁੱਟ ਰਹੇ ਹਨ। ਉਹ ਜਨਤਕ ਖੇਤਰ ਦੀਆਂ ਕਾਰਪੋਰੇਸ਼ਨਾਂ ਸਮੇਤ ਜਨਤਕ ਖੇਤਰ ਦੀਆਂ ਬੈਂਕਾਂ ਅਤੇ ਬੀਮਾ ਕੰਪਨੀਆਂ ਨੂੰ, ਕੌਡੀਆਂ ਦੇ ਭਾਅ ਵਾਲੀ ਕੀਮਤ ਨਾਲ, ਆਪਣੇ ਕਬਜੇ ਵਿੱਚ ਲੈ ਰਹੇ ਹਨ। ਜਿਨ੍ਹਾਂ ਨੂੰ ਆਮ ਜਨਤਾ ਨੇ ਆਪਣੇ ਖ਼ੂਨ ਪਸੀਨੇ ਦੀ ਮਿਹਨਤ ਅਤੇ ਉਦਮ ਨਾਲ ਖੜ੍ਹਾ ਕੀਤਾ ਸੀ। ਨਿਜੀਕਰਨ ਨੂੰ ਹੋਰ ਹੁਲਾਰਾ ਦੇਣ ਦੇ ਲਈ ਉਨ੍ਹਾਂ ਨੇ ਜਰੂਰੀ ਸੇਵਾਵਾਂ- ਸਿਖਿਆ , ਸਿਹਤ, ਬਿਜਲੀ, ਆਵਾਜਾਈ ਨੂੰ ਅਤੇ ਇਥੋਂ ਤੱਕ ਕਿ ਪੀਣ ਦੇ ਪਾਣੀ ਨੂੰ ਵੀ ਮੁਨਾਫਾ ਕਮਾਉਣ ਦੇ ਲਈ ਇਹਨਾ ਅੱਗੇ ਖੁਲ੍ਹੀ ਥਾਲੀ ਵਿੱਚ ਪਰੋਸ ਦਿੱਤੇ ਹਨ।

ਭਾਰਤ ਸਰਕਾਰ ਨੇ ਦੇਸ਼ ਦੇ ਭਵਿਖ ਦੇ ਬਾਰੇ ਵਿੱਚ ਸੋਚ ਵਿਚਾਰ ਕਰਨਾ ਬੰਦ ਕਰ ਦਿੱਤਾ ਹੈ । ਦੇਸ਼ ਦੇ ਲੋਕਾਂ ਦੀ ਰੋਜੀ ਰੋਟੀ ਦਾ ਖਿਆਲ ਕਰਨਾ ਛੱਡ ਦਿੱਤਾ ਹੈ । ਉਸਨੇ ਇਸ ਬਾਰੇ ਵਿੱਚ ਸੋਚਨਾ ਛੱਡ ਦਿੱਤਾ ਹੈ ਕਿ ਕਿਵੇਂ ਲੋਕਾਂ ਨੂੰ ਜਰੂਰੀ ਸਹੂਲਤਾਂ ਮਸਲਨ ਭੋਜਨ, ਪਾਣੀ ਸਿਹਤ ਅਤੇ ਸਿਖਿਆ ਉਚਿਤ ਦਰਾਂ ’ਤੇ ਮੁਹਈਆ ਕਰਵਾਈਆਂ ਜਾਣ, ਤਾਕਿ ਉਹ ਅੱਛੇ ਇਨਸਾਨ ਦਾ ਜੀਵਨ ਜੀਅ ਸਕਣ। ਆਪਣੀਆਂ ਸਮਰੱਥਾਵਾਂ ਦੀ ਵਰਤੋਂ ਕਰ ਸਕਣ । ਸਰਕਾਰ ਨੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਵਾਤਾਵਰਣ ਨੂੰ ਬਚਾਉਣ ਦਾ ਵਿਚਾਰ ਵੀ ਛੱਡ ਦਿੱਤਾ ਹੈ । ਉਸਨੂੰ ਤਾਂ ਹੁਣ ਕੇਵਲ ਇਹੀ ਚਿੰਤਾ ਰਹਿੰਦੀ ਹੈ ਕਿ ਕਿਸ ਤਰ੍ਹਾਂ ਬਹੁ ਕੌਮੀ ਕੰਪਨੀਆਂ,

ਕਾਰਪੋਰੇਸ਼ਨਾਂ ਅਤੇ ਉਨ੍ਹਾਂ ਦੇ ਭਾਰਤੀ ਭਾਈਵਾਲਾਂ ਨੂੰ ਮੁਨਾਫਾ ਕਮਾਉਣ ਲਈ ਪੂੰਜੀ ਨਿਵੇਸ਼ ਦੇ ਨਵੇਂ ਨਵੇਂ ਮੌਕੇ ਮੁਹੱਈਆ ਕਰਵਾਏ ਜਾਣ ।

ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੀ ਇਜਾਜਤ ਦੇਣਾ ਹੋਰ ਕੁੱਝ ਨਹੀਂ ਬੱਸ ਸੰਸਾਰੀਕਰਨ ਦੀਆਂ ਉਨ੍ਹਾਂ ਹੀ ਨੀਤੀਆਂ ਉਪਰ ਅਮਲ ਜਾਰੀ ਰੱਖਣਾ ਹੈ ਜੋ ਭਾਰਤੀ ਹਾਕਮ ਵਰਗ ਵੱਲੋਂ ਪਿਛਲੇ ਦੋ ਦਹਾਕਿਆਂ ਤੋਂ ਚਲਾਈਆਂ ਜਾ ਰਹੀਆਂ ਹਨ । ਵਾਲਮਾਰਟ, ਟੈਸਕੋ, ਕੈਰੇਫੇਰ ਅਤੇ ਮੈਟਰੋ ਵਰਗੀਆਂ ਵੱਡੀਆਂ -ਵੱਡੀਆਂ ਕੰਪਨੀਆਂ ਆਪਣੇ ਸੰਬੰਧਤ ਦੇਸ਼ਾਂ ਵਿੱਚ ਖੜੋਤ ਦੀ ਸਥਿਤੀ ਵਿੱਚ ਪਹੁੰਚ ਗਈਆਂ ਹਨ । ਇਸ ਲਈ ਉਹ ਮੁਨਾਫਾ ਕਮਾਉਣ ਦੇ ਲਈ ਨਵੇਂ -ਨਵੇਂ ਠਿਕਾਣਿਆਂ ਦੀ ਭਾਲ ਕਰ ਰਹੀਆਂ ਹਨ । ਇਸਦੇ ਇਲਾਵਾ, ਛੋਟੇ ਉਦਮੀਆਂ ਨੂੰ ਬਜਾਰ ਵਿੱਚੋਂ ਬਾਹਰ ਕਰ ਦਿੱਤੇ ਜਾਣ ਦੇ ਚਲਦੇ , ਉਨ੍ਹਾਂ ਨੂੰ ਆਪਣੇ ਦੇਸ਼ਾਂ ਵਿੱਚ ਵੀ ਸਥਾਨਕ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਿਰੋਧ ਦਾ ਕਾਰਣ ਹੈ ਕਿ ਉਨ੍ਹਾਂ ਦੀਆਂ ਮੁਨਾਫਾਂ ਕਮਾਉਣ ਦੀਆਂ ਨੀਤੀਆਂ ਨੇ ਉਥੋਂਨ ਦੇ ਲੋਕਾਂ ਦੀ ਮੰਦੀ ਹਾਲਤ ਵੱਧਾਈ ਹੈ। ਇਸ ਕਾਰਣ ਵੀ ਉਹ ਆਪਣੇ ਧੰਦੇ ਦੇ ਵਿਸਤਾਰ ਦੇ ਲਈ ਭਾਰਤ ਵੱਲ ਰੁਖ ਕਰ ਰਹੀਆਂ ਹਨ। ਭਾਰਤ ਦੀਆਂ ਕਈ ਵੱਡੀਆਂ ਕੰਪਨੀਆਂ ਉਨ੍ਹਾਂ ਦੇ ਹੇਠਾਂ ਸਾਂਝੀਦਾਰ ਬਣਨ ਅਤੇ ਮੋਟਾ ਮੁਨਾਫਾ ਕਮਾਉਣ ਦੀ ਉਮੀਦ ਲਗਾਈ ਬੈਠੀਆਂ ਹਨ। ਇਹੀ ਵਜਾਹ ਹੈ ਕਿ ਭਾਰਤ ਦੇ ਦੇਸ਼ ਧ੍ਰੋਹੀ ਬੁੱਧੀਜੀਵੀਆਂ ਨੇ ਲੋਕਾਂ ਨੂੰ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਦੇ ਸਮਰਥਣ ਲਈ ਰਾਜੀ ਕਰਨ ਦੇ ਉਦੇਸ਼ ਨਾਲ, ਇੱਕ ਵਿਸ਼ਾਲ ਹਮਲਾਵਰ ਮੁਹਿੰਮ ਚਲਾ ਰੱਖੀ ਹੈ। ਉਨ੍ਹਾਂ ਦਾ ਕੂੜ ਪ੍ਰਚਾਰ ਹੈ ਕਿ ਇਸ ਨਾਲ ਭਾਰਤੀ ਅਰਥਵਿਵਸਥਾ ਨੂੰ ਲਾਭ ਪਹੁੰਚੇਗਾ ਤੇ ਲੋਕਾਂ ਨੂੰ ਸਮਾਨ ਸਸਤਾ ਮਿਲਣ ਦਾ ਫਾਇਦਾ ਹੋਵੇਗਾ। ਕਿਸਾਨਾਂ ਦੀ ਖੇਤੀ ਤੋਂ ਆਮਦਨ ਵਧੇਗੀ ਅਤੇ ਪਤਾ ਨਹੀਂ ਕੀ -ਕੀ ਹੋ ਜਾਏਗਾ !

11. ਸਾਨੂੰ ਲਾਜਮੀ ਤੋਰ ਤੇ ਆਪਣੇ ਸੰਘਰਸ਼ ਦੀ ਧਾਰ ਤੇਜ ਕਰਨੀ ਚਾਹੀਦੀ ਹੈ

ਦੋਸਤੋ ਬਹੁ ਮਾਰਕਾ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ 'ਤੇ ਰੋਕ ਲਾਉਣ ਦਾ ਮਨਮੋਹਨ ਸਰਕਾਰ ਦਾ ਫੈਸਲਾ ਇਕ ਦਮ ਥੋੜ ਚਿਰਾ ਤੇ ਅਸਥਾਈ ਹੈ । ਪ੍ਰਧਾਨ ਮੰਤਰੀ ਨੇ ਐਲਾਨ ਕਰ ਰੱਖਿਆ ਹੈ ਕਿ ਉਨ੍ਹਾਂ ਦੀ ਸਰਕਾਰ ਐਫ ਡੀ ਆਈ ਉਪਰ ਰਾਜਨੀਤਕ ਆਮ ਰਾਏ ਬਣਾਉਣ ਦੇ ਲਈ ਲਗਾਤਾਰ ਯਤਨ ਕਰੇਗੀ।ਅਤੇ ਆਉਣ ਵਾਲੇ ਮਹੀਨਿਆਂ ਵਿੱਚ ਇਸ ਨੀਤੀ ਨੂੰ ਜੋਰਦਾਰ ਤਰੀਕੇ ਨਾਲ ਅੱਗੇ ਵਧਾਏਗੀ। ਹਾਲਾਂਕਿ ਇਹ ਸੱਚ ਹੈ ਕਿ ਪ੍ਰਮੁੱਖ ਵਿਰੋਧੀ ਪਾਰਟੀਆਂ ਨੇ ਮੌਕਾ ਪ੍ਰਸਤੀ ਦਿਖਾ ਕੇ, ਸਰਕਾਰ ਦੀ ਇਸ ਨੀਤੀ ਦਾ ਜੋਰਦਾਰ ਤਰੀਕੇ ਨਾਲ ਵਿਰੋਧ ਕੀਤਾ ਹੈ। ਪਰ ਉਨ੍ਹਾਂ ਨੇ ਅਜਿਹਾ ਕੇਵਲ, ਐਫ ਡੀ ਆਈ ਦੇ ਵਿਰੁੱਧ ਉੱਠਣ ਵਾਲੇ ਲੋਕ ਰੋਹ ਨੂੰ, ਆਪਣੇ ਪੱਖ ਵਿੱਚ ਵਰਤਣ ਦੀ ਨੀਤੀ ਦੇ ਤਹਿਤ ਹੀ ਕੀਤਾ ਹੈ । ਅਸਲ ਵਿੱਚ ਕੇਂਦਰ ਵਿੱਚ ਰਾਜ ਕਰਨ ਵੇਲੇ ਉਨ੍ਹਾਂ ਪਾਰਟੀਆਂ ਦੇ ਆਚਰਣ, ਆਰਥਕ ਸੁਧਾਰਾਂ ਦੇ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਨੂੰ ਵੀ ਸਾਬਤ ਕਰਦੇ ਹਨ । ਅਸਲ ਵਿੱਚ ਰਾਜਾਂ ਵਿੱਚ ਜਿਥੇ ਵੀ ਇਹ ਵਿਰੋਧੀ ਪਾਰਟੀਆਂ ਕਾਬਜ ਹਨ ਜਾਂ ਰਹੀਆਂ ਹਨ, ਉਥੇ ਵੀ ਉਨ੍ਹਾਂ ਨੇ ਸੱਚੀ ਮੁੱਚੀਂ ਸੰਗਠਿਤ ਪ੍ਰਚੂਨ ਵਪਾਰ ਨੂੰ ਵਿਆਪਕ ਪੱਧਰ 'ਤੇ ਹੱਲਾਸ਼ੇਰੀ ਦੇਣ ਦਾ ਅਤੇ ਵਧਾਉਣ ਦਾ ਕੰਮ ਕੀਤਾ ਹੈ । ਉਨ੍ਹਾਂ ਨੇ ਵੱਡੇ ਵੱਡੇ ਮਾਲ ਬਣਾਉਣ ਦਾ ਰਸਤਾ ਸਾਫ ਕਰਨ ਦੇ ਲਈ ਛੋਟੇ- ਛੋਟੇ ਦੁਕਾਨਦਾਰਾਂ ਨੂੰ ਬੇਰਹਿਮੀ ਨਾਲ ਖਤਮ ਕਰਨ ਦਾ ਕੰਮ ਕੀਤਾ ਹੈ ਜਾਂ ਕਰਵਾਉਂਦੀਆਂ ਰਹੀਆਂ ਹਨ। ਇਸ ਲਈ ਅਸੀਂ ਇਨ੍ਹਾਂ ਦੇ ਇਸ ਸਮੇ ਦੇ ਵਿਰੋਧ ਨੂੰ ਆਪਣੇ ਪੱਖ ਵਿੱਚ ਲਗਾਤਾਰ ਸਮਰਥਨ ਦੀ ਗਰੰਟੀ ਨਹੀਂ ਮੰਨ ਸੱਕਦੇ ।ਸਾਨੂੰ ਹਰ ਕਦਮ ਤੇ ਜਾਗਰੂਕ ਹੋ ਕੇ ਧਿਆਨ ਰੱਖਣਾ ਪਵੇਗਾ ਅਤੇ ਸੁਚੇਤ ਰਹਿਣਾ ਪਵੇਗਾ ।

ਮਿੱਤਰੋ ਐਫ ਡੀ ਆਈ ਦੇ ਵਿਰੋਧ ਦੇ ਲਈ ਸਾਡੇ ਸੰਘਰਸ਼ ਨੂੰ ਇੱਕ ਅਸਥਾਈ ਰਾਹਤ ਮਿਲੀ ਹੈ । ਸਰਕਾਰ ਇਸ ਨੀਤੀ ਨੂੰ ਫਿਰ ਤੋਂ ਲਿਆਉਣ ਲਈ ਉਤਾਰੂ ਹੈ । ਆਮ ਲੋਕਾਂ ਵਿੱਚ ਵੀ ਵੱਡੀ ਗਿਣਤੀ ਉਨ੍ਹਾਂ ਦੀ ਹੈ ਜੋ ਸਰਕਾਰ ਅਤੇ ਸੰਚਾਰ ਸਾਧਨਾਂ ਦੇ ਕੂੜ ਪ੍ਰਚਾਰ ਦੇ ਝਾਂਸੇ ਵਿੱਚ ਅਸਾਨੀ ਨਾਲ ਆ ਜਾਂਦੇ ਹਨ । ਉਹ ਵਿਚਾਰੇ ਭਰੋਸਾ ਕਰਦੇ ਹਨ ਕਿ ਪ੍ਰਚੂਨ ਵਪਾਰ ਦੇ ਖੇਤਰ ਵਿੱਚ ਐਫ ਡੀ ਆਈ ਦੀ ਨੀਤੀ ਸੱਚ ਮੁਚ ਹੀ ਭਾਰਤੀ ਕਿਸਾਨਾਂ ਅਤੇ ਖਪਤਕਾਰਾਂ ਦੇ ਫਾਇਦੇ ਦੀ ਖਾਤਰ ਹੈ । ਇਥੋਂ ਤੱਕ ਕਿ ਜੋ ਸਾਡੇ ਨਾਲ ਸਹਿਮਤ ਵੀ ਹਨ , ਉਨ੍ਹਾਂ ਵਿੱਚੋਂ ਵੀ ਜਿਆਦਾਤਰ ਨੂੰ ਸਾਡੇ ਨਾਲ ਗਲੀਆਂ – ਮੁਹੱਲਿਆਂ ਵਿਚ ਆਕੇ ਵਿਰੋਧ ਦਰਜ ਕਰਵਾਉਣ ਵਿੱਚ ਝਿਜਕ ਹੈ । ਲੋੜ ਇਸ ਗੱਲ ਦੀ ਹੈ ਕਿ ਇਸ ਨੀਤੀ ਦੇ ਤਬਾਹਕੁਨ ਨਤੀਜਿਆਂ ਦੇ ਬਾਰੇ ਵਿੱਚ ਅਸੀਂ ਲੋਕਾਂ ਨੂੰ ਜਾਗਰੂਕ ਕਰਨ ਦੀ ਆਪਣੀ ਮੁਹਿੰਮ ਜਾਰੀ ਰੱਖੀਏ ।

ਖਪਤਕਾਰਾਂ ਨੂੰ ਵੀ ਸਿਖਿਅਤ ਕਰਨ ਦੀ ਲੋੜ ਹੈ। ਦੱਸਣ ਦੀ ਲੋੜ ਹੈ ਕਿ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਨਾਲ ਚੀਜਾਂ ਦੀਆਂ ਕੀਮਤਾਂ ਘੱਟਣ ਨਹੀਂ ਲੱਗੀਆਂ। ਮੌਜੂਦਾ ਜੋ ਵੱਧ ਰਹੀ ਮਹਿੰਗਾਈ ਹੈ ਉਹ ਸੰਸਾਰੀਕਰਨ ਦੇ ਚਲਦੇ ਰਹਿਣ ਕਰਕੇ ਹੈ । ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਨਾਲ ਮਹਿੰਗਾਈ ਹੋਰ ਵੀ ਵੱਧੇਗੀ। ਕਿਸਾਨਾਂ ਦੇ ਮਨ ਵਿੱਚ ਕਿਤੇ ਇਹ ਗੱਲ ਡੂੰਘਾਈ ਨਾਲ ਬਿਠਾਉਣ ਦੀ ਲੋੜ ਹੈ ਕਿ ਪ੍ਰਚੂਨ ਖੇਤਰ ਵਿੱਚ ਐਫ ਡੀ ਆਈ ਨਾਲ ਉਨ੍ਹਾਂ ਨੂੰ ਕੋਈ ਲਾਭ ਨਹੀਂ ਮਿਲਣ ਲੱਗਿਆ। ਦੱਸਣ ਦੀ ਲੋੜ ਹੈ ਕਿ ਖੇਤੀ ਉਪਰ ਛਾਏ ਇਸ ਮੌਜੂਦਾ ਸੰਕਟ ਦੀ ਵਜਾਹ ਸੰਸਾਰੀਕਰਨ ਹੈ। ਪ੍ਰਚੂਨ ਵਿੱਚ ਐਫ ਡੀ ਆਈ ਦੇ ਪੂੰਜੀ ਨਿਵੇਸ਼ ਨਾਲ ਇਹ ਸੰਕਟ ਹੋਰ ਵੀ ਤਬਾਹਕੁਨ ਰੂਪ ਲੈਣ ਜਾ ਰਿਹਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲੋਕਾਂ ਨੂੰ ਕੇਵਲ ਜਾਗਰੂਕ ਕਰਨਾ ਹੀ ਕਾਫੀ ਨਹੀਂ, ਬਲਕਿ ਸਾਨੂੰ ਰਚਨਾਤਮਕ ਵਿਰੋਧ ਦੇ ਨਵੇਂ ਤਰੀਕਿਆਂ ਨੂੰ ਵੀ ਖੋਜਣਾ ਪਵੇਗਾ। ਇਸ ਵਿਰੋਧ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਾਉਣ ਦੀ ਕੋਸ਼ਿਸ਼ ਕਰਨੀ ਪਵੇਗੀ । ਆਖਰਕਾਰ ਸਾਡੀ ਜਦੋ ਜਹਿਦ ਸੰਸਾਰੀਕਰਨ ਦੇ ਵਿਰੋਧ ਵਿੱਚ ਦੇਸ਼ ਭਰ ਵਿੱਚ ਤੇਜ ਹੋਣ ਵਾਲੀ ਵਿਰੋਧ ਮੁਹਿੰਮ ਦਾ ਹਿੱਸਾ ਹੈ। ਇਹ ਸੰਘਰਸ਼ ਸਾਡੇ ਦੇਸ਼ ਨੂੰ ਵਿਦੇਸ਼ੀ ਅਤੇ ਦੇਸੀ, ਵੱਡੇ ਵੱਡੇ ਵਪਾਰਕ ਘਰਾਣਿਆਂ ਦੇ ਹੱਥਾਂ ਵਿੱਚ ਵੇਚਣ ਦੇ ਵਿਰੁਧ ਮੁਹਿੰਮ ਦਾ ਅੰਗ ਹੈ। ਜਿਵੇਂ ਜਿਵੇਂ ਇਸ ਵਿੱਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਹੋਵੇਗੀ , ਸਾਡਾ ਸੰਘਰਸ ਹੋਰ ਤਕੜਾ ਹੁੰਦਾ ਜਾਵੇਗਾ। ਇਹੀ ਸੰਘਰਸ਼ ਸਮਾਜ ਦੇ ਨਵੇਂ ਰੂਪ ਨੂੰ ਸਿਰਜਣ ਵਿੱਚ ਸ਼ਕਤੀਸ਼ਾਲੀ ਤਾਕਤ ਬਣ ਜਾਵੇਗਾ। ਇਹ ਸੰਘਰਸ਼ ਇੱਕ ਅਜਿਹੇ ਭਾਰਤ ਦਾ ਨਿਰਮਾਨ ਕਰੇਗਾ, ਜਿਥੇ ਵਿਕਾਸ ਦਾ ਅਰਥ ਮੁੱਠੀ ਭਰ ਵੱਡੇ ਕਾਰਪੋਰੇਟ ਘਰਾਣਿਆਂ ਦਾ ਮੁਨਾਫਾ ਵਧਾਉਣ ਤੱਕ ਸੀਮਤ ਨਹੀਂ ਹੋਵੇਗਾ ਬਲਕਿ ਸਾਰੇ ਹੀ ਜਨਸਧਾਰਨ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨਾ ਹੋਵੇਗਾ। ਸਿਹਤ ਵਰਧਕ ਖਾਣ ਪੀਣ, ਸਫੁਰਤੀਦਾਇਕ ਰੂਹ ਪਾਉਣ ਵਾਲੀ ਸਿਖਿਆ, ਬਿਹਤਰ ਆਵਾਸ ਤੇ ਪ੍ਰਦੂਸ਼ਣ ਮੁਕਤ ਸਾਫ ਸੁਥਰਾ ਵਾਤਾਵਰਣ ਮੁਹਈਆ ਕਰਵਾਉਣਾ.।

ਦੋਸਤੋ ! ਭਾਵੇਂ ਇਹ ਸੱਭ ਕੁੱਝ ਕਦੀ ਨਾ ਪੂਰਾ ਹੋਣ ਵਾਲਾ ਆਦਰਸ਼ ਹੀ ਲੱਗੇ ਪਰ ਐਸੀ ਗੱਲ ਨਹੀਂ। ਆਮ ਆਦਮੀ ਦੀ ਸਮੂਹਿਕ ਸ਼ਕਤੀ ਇੱਕਠੀ ਹੋਣ ਤੇ ਇਹ ਵਿਸ਼ਾਲ ਲਹਿਰ ਬਣ ਜਾਂਦੀ ਹੈ ਅਤੇ ਉਹ ਧਰਤੀ ’ਤੇ ਸਵਰਗ ਰਚ ਸਕਦੀ ਹੈ। ਲੇਕਿਨ ਕਿਉਂਕਿ ਅੱਜ ਅਸੀਂ ਬਹੁਤ ਬੁਰੀ ਤਰ੍ਹਾਂ ਖਿੰਡ ਚੁਕੇ ਹਾਂ ਕਿ ਅਸੀਂ ਆਣੀ ਇੱਕਜੁਟਤਾ ਦੀ ਬੇਸ਼ੁਮਾਰ ਤਾਕਤ ਵਿੱਚੋਂ ਵੀ ਵਿਸ਼ਵਾਸ਼ ਗੁਆ ਚੁੱਕੇ ਹਾਂ । ਨਿਸ਼ਚਿਤ ਹੀ ਇਹ ਇੱਕ ਲੰਬਾ ਅਤੇ ਤਿਖਾ ਸੰਘਰਸ਼ ਹੈ ਲੇਕਿਨ ਇਸ ਨੂੰ ਜਿਤਿਆ ਜਾ ਸੱਕਦਾ ਹੈ। ਹਰ ਅੰਤ ਨੂੰ ਇਕ ਸ਼ੁਰੂਆਤ ਦੀ ਲੋੜ ਹੁੰਦੀ ਹੈ

। ਜੇਕਰ ਸ਼ੁਰੂਆਤ ਹੋਵੇਗੀ ਤਦ ਹੀ ਤਾਂ ਅੰਤ ਵੀ ਹੋਵੇਗਾ। ਇਸ ਲਈ ਸਾਨੂੰ ਸੱਭ ਨੂੰ ਕਿਤੇ ਨਾ ਕਿਤੇ ਸ਼ੁਰੂਆਤ ਕਰਨੀ ਪਵੇਗੀ । ਸਾਨੂੰ ਇਸ ਦਿਸ਼ਾ ਵਿੱਚ ਛੋਟੀ- ਛੋਟੀ ਪਹਿਲ ਕਰਨ ਦੀ ਲੋੜ ਹੈ। ਆਓ ! ਅਸੀਂ ਸਾਰੇ ਮਿਲ ਕੇ ਛੋਟੇ ਧੰਦੇ ਵਾਲਿਆਂ, ਕਿਸਾਨਾਂ ਤੇ ਸਾਡੇ ਨਗਰ ਅਤੇ ਉਸ ਦੇ ਆਲੇ ਦੁਆਲੇ ਦੇ ਖਪਤਕਾਰਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕਰਕੇ ਇੱਕ ਨਵੀਂ ਸ਼ੁਰੂਆਤ ਕਰੀਏ...

ਲੋਕਾਇਤਾ ਬਾਬਤ

ਅਜ਼ਾਦ ਕੌਣ ਹੋਇਆ ਹੈ ?

ਗੁਲਾਮੀ ਦੇ ਦਾਗ ਕਿਸ ਦੇ ਮੱਥੇ ਤੋਂ ਮਿਟੇ ਹਨ ?

ਮੇਰਾ ਦਿਲ ਅਜੇ ਵੀ ਸ਼ੋਸਣ ਦੇ ਦਰਦ ਤੋਂ ਪੀੜਤ ਹੈ

ਭਾਰਤ ਮਾਤਾ ਦਾ ਚਿਹਰਾ ਅਜੇ ਵੀ ਉਦਾਸ ਹੈ ...

ਅਜ਼ਾਦ ਕੌਣ ਹੋਇਆ ਹੈ ?

ਅਲੀ ਸਦਰ ਜਾਫਰੀ ਨੇ ਅਜ਼ਾਦੀ ਦੇ ਕੁੱਝ ਸਾਲਾਂ ਬਾਅਦ ਇਹ ਪੰਕਤੀਆਂ ਲਿਖੀਆਂ ਸਨ ਪ੍ਰੰਤੂ ਇਹ ਸਤਰਾਂ ਸਾਡੇ ਮੁਲਕ ਵਿੱਚਲੀ ਅਜੋਕੀ ਸਥਿਤੀ ਨੂੰ ਵੀ ਇੰਨ ਬਿੰਨ ਬਿਆਨ ਕਰਦੀਆਂ ਹਨ ......

ਸੰਸਾਰੀ ਕਰਨ ਦੇ ਨਾਮ ਤੇ ਦਿਓ ਕੱਦ ਬਹੁ ਕੌਮੀ ਨਿਗਮਾਂ (ਐਮ ਐਨ ਸੀਜ਼) ਨੂੰ ਦੇਸ਼ ਵਿੱਚ ਸੱਦਾ ਦਿੱਤਾ ਜਾ ਰਿਹਾ ਹੈ- ਹੁਣ ਮੁਲਕ ਕੇਵਲ ਵੱਡੇ ਬਦੇਸ਼ੀ ਤੇ ਦੇਸ਼ੀ ਨਿਗਮਾਂ ਦੇ ਮੁਨਾਫਿਆਂ ਲਈ ਚਲਾਇਆ ਜਾ ਰਿਹਾ ਹੈ । ਸਿਆਸਦਾਨਾਂ -ਅਪਸਰਸ਼ਾਹਾਂ , ਪੁਲਸ ਅਤੇ ਅਦਾਲਤਾਂ ਦੀ ਮਿਲੀ ਭੁਗਤ ਨਾਲ ਉਨ੍ਹਾਂ ਨੇ ਦੇਸ਼ ਦੇ ਗਰੀਬਾਂ ਨੂੰ ਉਨ੍ਹਾਂ ਦੇ ਜਲ, ਜਮੀਨ , ਜੰਗਲ ਅਤੇ ਹੋਰ ਸ੍ਰੋਤਾਂ ਤੋਂ ਬੇਦਖਲ ਕਰਨ ਲਈ ਬਹੁਤ ਵਡਾ ਹਮਲਾ ਕਰ ਦਿੱਤਾ ਹੈ - ਤਾਕਿ ਉਹ ਵੱਡੇ ਵਿਸ਼ੇਸ਼ ਆਰਥਕ ਖੇਤਰ, ਵਿਸ਼ਾਲ ਆਧਾਰ ਭੂਤ ਢਾਂਚਾ ਪ੍ਰੋਜੈਕਟ, ਗੋਲਫ ਦੇ ਮੈਦਾਨ , ਅਤੇ ਹਿਾਇਸ਼ੀ ਕੰਪਲੈਕਾ ਅਮੀਰਾਂ ਲਈ ਉਸਾਰ ਸੱਕਣ । ਭਾਰਤੀ ਖੇਤੀ ਨੂੰ ਜਾਣ ਬੁੱਝ ਕੇ ਤਬਾਹ ਕੀਤਾ ਜਾ ਰਿਹਾ ਹੈ ਤਾਕਿ ਇਸ ਉਪਰ ਦਿਉ ਕੱਦ ਖੇਤੀ ਵਪਾਰ ਨਿਗਮਾਂ ਕਬਜਾ ਜਮਾ ਸੱਕਣ । ਨਤੀਜਾ ਹੈ ਕਿ ਪਿਛਲੇ ਦਸ ਸਾਲਾਂ ਵਿੱਚ ਦੋ ਲੱਖ ਕਿਸਾਨਾਂ ਨੇ ਆਤਮ ਹੱਤਿਆਵਾਂ ਕਰ ਲਈਆਂ ਹਨ । ਹਜਾਰਾਂ ਛੋਟੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਹਨ । ਨਿਜੀਕਰਨ ਦੇ ਨਾਮ ਤੇ ਲੋਕਾਂ ਦੇ ਖੂਨ ਪਸੀਨੇ ਨਾਲ ਬਣੀਆਂ ਸਰਕਾਰੀ ਨਿਗਮਾਂ ਨੂੰ ਇੰਨ੍ਹਾਂ ਚਾਲਬਾਜ ਲੁਟੇਰਿਆਂ ਦੇ ਹਵਾਲੇ ਕੌਡੀਆਂ ਦੇ ਭਾਅ ਕੀਤਾ ਜਾ ਰਿਹਾ ਹੈ । ਜਨ ਕਲਿਆਣ ਸੇਵਾਵਾਂ ਵੀ , ਸਿੱਖਿਆ ਤੋਂ ਲੈਕੇ ਸਿਹਤ ਤੱਕ, ਜਨਤਕ ਵੰਡ ਪ੍ਰਣਾਲੀ ਤੱਕ ਅਤੇ ਹੁਣ ਪਾਣੀ ਦੀ ਪੂਰਤੀ ਦਾ ਵੀ ਨਿਜੀਕਰਨ ਕੀਤਾ ਜਾ ਰਿਹਾ ਹੈ ਤਾਕਿ ਇਹ ਨਿਗਮਾਂ ਉਨ੍ਹਾਂ ਤੇ ਕਬਜਾ ਜਮਾ ਸੱਕਣ ਅਤੇ ਇਨ੍ਹਾਂ ਨੂੰ ਅੰਨ੍ਹੀ ਲੁਟ ਦੇ ਅਦਾਰੇ ਬਣਾ ਸੱਕਣ । ਨੋਜੁਆਨਾਂ ਲਈ ਕੋਈ ਚੰਗੇ ਰੁਜਗਾਰ ਨਹੀਂ ਅਤੇ ਸ਼ਾਇਦ ਲੱਗ ਭੱਗ ਅੱਧੀ ਅਬਾਦੀ ਬੇਰੁਜਗਾਰ ਜਾਂ ਫਿਰ ਅਰਧ ਬੇਰੁਜਗਾਰ ਹੈ । ਸਾਮਰਾਜਵਾਦ ਸਾਡੇ ਖਾਣ ਪੀਣ , ਵੇਖਣ ਸੁਣਨ , ਸੋਚਣ ਤੇ ਪੜ੍ਹਣ ਤੇ ਕੰਟਰੋਲ ਜਮਾਉਣਾ ਚਾਹੁੰਦਾ ਹੈ । ਅਤੇ ਇਸੇ ਕਰਕੇ ਬਹੁ ਕੌਮੀ ਨਿਗਮਾਂ (ਐਮ ਐਨ ਸੀਜ਼) ਦੇ ਸਰਮਾਏ ਦੇ ਨਾਲ ਸਾਮਰਾਜੀ ਸਭਿਆਚਾਰ ਵੀ ਆਰਿਹਾ ਹੈ ।

ਜਦ ਕਿ ਅਰਥ ਵਿਵਸਥਾ ਹੋਰ ਵਧੇਰੇ ਕਮਜੋਰ ਹੋ ਰਹੀ ਹੈ ਉਸਦੇ ਨਾਲ ਹੀ ਸਾਡਾ ਸਮਾਜਕ ਤੇ ਸਿਆਸੀ ਤਾਣਾ ਬਾਣਾ ਵੀ ਨਿਘਰ ਰਿਹਾ ਹੈ । ਚਾਰੇ ਪਾਸੇ ਭਰਿਸ਼ਟਾਚਾਰ, ਸਦੀਆਂ ਪੁਰਾਣਾ ਜਾਤ ਪਾਤ ਦਾ ਢਾਚਾਂ ਜਿਸ ਕਰਕੇ ਦਲਿਤਾਂ ਉਪਰ ਆਏ ਦਿਨ ਅਤਿਆਚਾਰ ਹੁੰਦੇ ਹਨ, ਇੱਕ ਫਿਰਕਾ ਪ੍ਰਸਤ ਸਿਆਸੀ ਪ੍ਰਣਾਲੀ ਜਿਹੜੀ ਕਿ ਲੋਕਾਂ ਨੂੰ ਧਰਮਾਂ ਦੇ ਨਾਮ ਤੇ ਪਾੜ ਕੇ ਰੱਖਦੀ ਹੈ ਅਤੇ ਉਨ੍ਹਾਂ ਵਿੱਚ ਇੱਕ ਦੂਜੇ ਪ੍ਰਤੀ ਘ੍ਰਿਣਾ ਪੈਦਾ ਕਰਦੀ ਹੈ , ਕਦਰਾਂ ਕੀਮਤਾਂ ਦੀ ਇੱਕ ਅਜੇਹੀ ਪ੍ਰਣਾਲੀ ਜਿਹੜੀ ਨੰਗੀ ਚਿੱਟੀ ਖੁਦਗਰਜੀ ਨੂੰ ਅਤੇ ਹੋਰਾਂ ਲਈ ਕੋਈ ਸਰੋਕਾਰ ਨਾ ਹੋਣ ਵਾਲੀ ਅਤੇ ਬੇਕਿਰਕੀ ਦੀ ਮਾਨਸਕਤਾ ਨੂੰ ਵਧਾਉਂਦੀ ਹੈ - ਇਹ ਅੱਜ ਦੀ ਅਸਲੀਅਤ ਹੈ । ਅੱਤਵਾਦ ਵਿਰੁੱਧ ਲੱੜਣਦੇ ਨਾਮ ਤੇ ਉਹ ਮੁਜਰਮ ਅਤੇ ਹਤਿਆਰੇ ਜਿਨ੍ਹਾਂ ਦਾ ਭਾਰਤੀ ਸੰਸਦ ਵਿੱਚ ਬੋਲ ਬਾਲਾ ਹੈ , ਅਜਿਹੇ ਕਾਲੇ ਕਾਨੂੰਨ ਪਾਸ ਕਰ ਰਹੇ ਹਨ ਜਿਹੜੇ ਕਿ ਪੁਲਸ ਨੂੰ ਸ਼ਕਤੀਆਂ ਦਿੰਦੇ ਹਨ ਕਿ ਉਹ ਜਨ ਸਾਧਾਰਨ ਨੂੰ ਹਿਰਸਤ ਵਿੱਚ ਲੈਕੇ , ਸਾਲਾਂ ਬੱਧੀ ਉਨ੍ਹਾਂ ਨੂੰ ਬਿਨਾ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਬੰਦ ਕਰੀ ਰੱਖਣ ।

ਬਹੁ ਕੌਮੀ ਨਿਗਮਾਂ (ਐਮ ਐਨ ਸੀਜ਼) ਵੱਲੋਂ ਅਤੇ ਉਨ੍ਹਾਂ ਦੇ ਭਾਰਤੀ ਭਾਈਵਾਲਾਂ ਵੱਲੋਂ ਰਚੇ ਜਾ ਰਹੇ ਇਸ ਘਿਣਾਉਣੇ ਡਰਾਮੇ ਪ੍ਰਤੀ ਆਮ ਆਦਮੀ ਚੁੱਪ ਨਹੀਂ ਹੈ । ਬਸੰਤ ਰੁੱਤ ਵਿੱਚ ਜਿਵੇਂ ਹਰ ਕੋਨੇ ਫੁੱਲ ਖਿੜ ਪੈਂਦੇ ਹਨ , ਉਸੇ ਤਰ੍ਹਾਂ ਪੂਰੇ ਦੇਸ਼ ਭਰ ਵਿੱਚ ਲੋਕ ਇੱਕਠੇ ਹੋ ਰਹੇ ਹਨ , ਗਰੁੱਪ ਬਣਾ ਰਹੇ ਹਨ , ਅਤੇ ਰੋਸ ਵਜੋਂ ਆਪਣੀ ਆਵਾਜ ਬੁਲੰਦ ਕਰ ਰਹੇ ਹਨ । ਭਾਵੇ ਇਹ ਘੋਲ ਹਾਲ ਦੀ ਘੜੀ ਛੋਟੇ ਛੋਟੇ , ਖਿੰਡੇ -ਪੁੰਡੇ ਅਤੇ ਸ੍ਰੋਤਾਂ ਤੋਂ ਬਗੈਰ ਹਨ ਪਰ ਭਵਿੱਖ ਇਨ੍ਹਾਂ ਘੋਲਾਂਦਾ ਹੀ ਹੈ । ਜਿਉਂ ਹੀ ਹੋਰ ਹੋਰ ਲੋਕ ਇਨ੍ਹਾਂ ਵਿੱਚ ਜੁੜਣਗੇ , ਉਹ ਇਨ੍ਹਾਂ ਨੂੰ ਤਕੜਾ ਕਰਨਗੇ , ਕੰਘੀਆਂ ਪਾਉਣਗੇ ਅਤੇ ਉਹ ਸਮਾਜ ਨੂੰ ਬਦਲਣ ਲਈ ਇੱਕ ਸ਼ਕਤੀਸ਼ਾਲੀ ਤਾਕਾ ਬਣ ਜਾਣਗੇ ।

ਸਾਨੂੰ ਉਦਾਸੀਨ ਹੋਣ ਤੋਂ ਅਤੇ ਸ਼ਮਸੇਵਾਦੀ ਹੋਣ ਤੋਂ ਬਚਣ ਦੀ ਲੋੜ ਹੈ , ਇੱਕ ਚੰਗੇ ਭਵਿੱਖ ਦੇ ਸੁਪਨੇ ਲੈਣ ਦੀ ਲੋੜ ਹੈ , ਇਹ ਯਕੀਨ ਕਰਨ ਦੀ ਲੋੜ ਹੈ ਕਿ ਸੰਸਾਰ ਨੂੰ ਬਦਲਣਾ ਸੰਭਵ ਹੈ । ਹਾਂ ! ਇੱਕ ਹੋਰ ਦੁਨੀਆਂ ਸੰਭਵ ਹੈ ! ਪਰ ਇਸ ਨੂੰ ਅਸਲੀਅਤ ਵਿੱਚ ਬਦਲਣ ਲਈ ਸਾਡੇ ਲਈ ਜਰੂਰੀ ਹੈ ਕਿ ਅਸੀਂ ਆਪਣਾ ਛੋਟਾ ਜਿਹਾ ਘੋਲ ਸ਼ੁਰੂ ਕਰੀਏ । ਅਤੇ ਬੱਸ ਇਸੇ ਲਈ ਅਸੀਂ ਇਹ ਮੰਚ , **'ਲੋਕਾਇਤ'** ਸ਼ੁਰੂ ਕੀਤਾ ਹੈ । ਇਸਦਾ ਮਕਸਦ ਹੈ ਉਨ੍ਹਾਂ ਸਧਾਰਨ ਲੋਕਾਂ ਤੱਕ ਪਹੁੰਚ ਕਰਨਾ , ਜਿਹੜੇ ਆਪਣੇ ਵਿਤ ਅਨੁਸਾਰ ਸਮਾਜ ਨੂੰ ਚੰਗੇਰਾ ਬਣਾਉਣ ਲਈ ਬਦਲਣ ਵਿੱਚ ਯੋਗਦਾਨ ਪਾਉਣ ਨੂੰ ਤਿਆਰ ਹਨ , ਅਤੇ ਉਨ੍ਹਾਂ ਦੇ ਸਹਿਯੋਗ ਨਾਲ ਵੱਖ ਵੱਖ ਸਰਗਰਮੀਆਂ ਕਰਨੀਆਂ ।

ਪਿਆਰੇ ਦੋਸਤੋ, ਆਪ ਕੋਲ ਪਹੁੰਚਣ ਦਾ ਇਹ ਇੱਕ ਛੋਟਾ ਜਿਹਾ ਉਪਰਾਲਾ ਹੈ । ਆਪ ਵਿੱਚੋਂ ਬਹੁਤ ਸਾਰੇ ਸਾਨੂੰ ਨਹੀਂ ਜਾਣਦੇ । ਫਿਰ ਵੀ ਸਾਨੂੰ ਯਕੀਨ ਹੈ ਕਿ ਤੁਸੀਂ ਉਪਰੋਕਤ ਵਿਚਾਰਾਂ ਨਾਲ ਸਹਿਮਤ ਹੋਵੋਗੇ । ਪ੍ਰੰਤੂ ਤੁਹਾਡੀ ਸਹਿਮਤੀ ਕਾਫੀ ਨਹੀਂ , ਤੁਹਾਡੀ ਸਰਗਰਮ ਸ਼ਮੂਲੀਅਤ ਦੀ ਬਹੁਤ ਮਹੱਤਤਾ ਹੈ । ਤੁਸੀਂ ਸਾਡੇ ਨਾਲ ਨਿਮਨ ਲਿਖਤ ਵਿੱਚੋਂ ਕਿਸੇ ਵੀ ਪਤੇ ਤੇ ਸੰਪਰਕ ਕਰ ਸੱਕਦੇ ਹੋ ।

ਸੰਪਰਕ ਫੋਨ		ਵੈੱਬ ਸਾਈਟ ਤੇ ਈ ਮੇਲ
ਨੀਰਜ ਜੈਨ	94222 20311	www.lokayat.org.in
ਅਜੀਤ ਪੈਂਟਰ	94235 86330	neerajj61@gmail.com

ਸੰਪਰਕ ਪਤਾ

ਲੋਕਾਇਤ, ਸਾਹਮਣੇ ਸਿੰਡੀਕੇਟ ਬੈਂਕ, ਲਾਅ ਕਾਲਜ ਰੋਡ , ਨੇੜੇ ਨਲ ਸਟਾਪ, ਪੂਨੇ -4

ਅਸੀਂ ਹਰ ਐਤਵਾਰ ਨੂੰ 4-7 ਵਜੇ ਸ਼ਾਮ ਤੱਕ ਲੋਕਾਇਤ ਦੇ ਦਫਤਰ ਵਿਖੇ ਉਪਰੋਕਤ ਪਤੇ ਤੇ ਮੀਟਿੰਗ ਕਰਦੇ ਹਾਂ

ਇਸੇ ਤਰ੍ਹਾਂ ਹੀ ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ 1306, ਸੈਕਟਰ 44-ਬੀ ਚੰਡੀਗੜ੍ਹ , ਫੋਨ 99145 05009 ਅਤੇ

ਵਲੰਟਰੀ ਹੈਲਥ ਐਸੋਸੀਏਸ਼ਨ, ਪੰਜਾਬ, ਐਸ ਸੀ ਐਫ 18/1 ਸੈਕਟਰ 10 ਡੀ, ਚੰਡੀਗੜ੍ਹ 16001 ਫੋਨ ਨੰ. 0172-5016299, ਇਨ੍ਹਾਂ ਹੀ ਮੁੱਦਿਆਂ ਤੇ ਇਸੇ ਆਸ ਨਾਲ ਕੰਮ ਕਰ ਰਹੇ ਹਨ ।